# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 6 ਸਾਲ ਸੱਤਵਾਂ ਜੂਨ, 1995



**ਆਨਰੇਰੀ ਸੰਪਾਦਕ :** ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 772660

# ਅੰਮ੍ਰਿਤ ਕੀਰਤਨ

ਅੰਕ 6 ਸਾਲ ਸੱਤਵਾਂ ਜੂਨ, 1995

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 772660

**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ 1
—ਡਾ. ਗੁਰਨਾਮ ਸਿੰਘ

2] ਕਥੌਨੀ ਕੀਰਤਨ 7
—ਭਾਈ ਵੀਰ ਸਿੰਘ ਜੀ

3] ਰਾਗਾਂ ਦਾ ਸਮਾਂ 9
— ਗਿ: ਆਵਤ ਸਿੰਘ

4] ਰਾਗ ਕੀ ਹੈ ? 10
—ਲਾਲ ਸਿੰਘ

5] ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪਰਚਾਰਕ 15
—ਸ. ਜਸਬੀਰ ਸਿੰਘ ਸਰਨਾ

6] ਬਾਣੀ ਸਾਡੇ ਹਿਰਦੇ ਤੇ ਲਿਖੀ ਹੋਈ ਹੈ (ਮੁਲਾਕਾਤ) 17
—ਰਘਬੀਰ ਸਿੰਘ ਨਵੀਨ

7] ਸੁਰ ਲਿਪੀ 19
—ਹਰਿੰਦਰਪਾਲ ਸਿੰਘ
—ਪ੍ਰੋ. ਤਾਰਾ ਸਿੰਘ ਜੀ

8] ਤੁਹਾਡੇ ਪੱਤਰ 23

9] ਪੁਸਤਕ-ਪਰਿਚੈ 25

10] ਰਾਗੀ ਜਥਾ ਭਾਈ ਸੁਮੰਦ ਸਿੰਘ ਜੀ 27
—ਡਾ. ਜਾਗੀਰ ਸਿੰਘ

ਨੋਟ : ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ

—ਡਾ. ਗੁਰਨਾਮ ਸਿੰਘ

ਪੰਜਾਬੀ, ਸਭਿਆਚਾਰਕ ਪੱਖੋਂ ਨਿਤ ਨਵਾਂ ਸਿਰਜਣ ਦੀ ਸਮਰੱਥਾ ਰੱਖਦੇ ਹਨ। ਇਸ ਦੇ ਵੰਨ-ਸੁਵੰਨੇ ਸਭਿਆਚਾਰ ਦਾ ਪ੍ਰਤੱਖ ਨਜ਼ਾਰਾ ਇਸ ਦੀਆਂ ਕਲਾਵਾਂ 'ਚੋਂ ਸਹਿਜੇ ਹੀ ਉਪਲਬੱਧ ਹੋ ਜਾਂਦਾ ਹੈ। ਪੰਜਾਬ ਦੇ ਵਿਸ਼ਾਲ ਸਭਿਆਚਾਰਕ ਇਤਿਹਾਸ ਵਿਚ ਲੋਕ ਸੰਗੀਤ ਤੇ ਸ਼ਾਸਤਰੀ ਸੰਗੀਤ ਦਾ ਮਹੱਤਵਪੂਰਣ ਸਥਾਨ ਰਿਹਾ ਹੈ ਪਰੰਤੂ ਇਹ ਖੋਜਕਾਰਾਂ ਤੇ ਵਿਦਵਾਨਾਂ ਦੇ ਚਿੰਤਨ ਅਤੇ ਅਧਿਐਨ ਖੇਤਰ ਦਾ ਨੁਮਾਇਆਂ ਹਿੱਸਾ ਨਹੀਂ ਬਣ ਸਕੇ। ਨਿਰਸੰਦੇਹ ਪੰਜਾਬ ਦੇ ਲੋਕ ਸੰਗੀਤ ਦੀ ਪਰੰਪਰਾ ਵਿਸ਼ਵ ਦੀਆਂ ਲੋਕ ਪਰੰਪਰਾਵਾਂ ਵਿਚ ਵਿਸ਼ੇਸ਼ ਦਰਜਾ ਰਖਦੀ ਹੈ। ਇਸ ਦੇ ਨਾਲ ਨਾਲ ਇਥੋਂ ਦੀ ਸ਼ਾਸਤਰੀ ਸੰਗੀਤ ਪਰੰਪਰਾ ਵੀ ਵਿਸ਼ਵ ਦੀ ਕਿਸੇ ਕਲਾ ਪਰੰਪਰਾ ਨਾਲੋਂ ਘੱਟ ਨਹੀਂ। ਸਾਡੀ ਅਣਗਹਿਲੀ ਸਦਕਾ ਸ਼ਾਸਤਰੀ ਸੰਗੀਤ ਦੀ ਇਹ ਪਰੰਪਰਾ ਸਭਿਆਚਾਰਕ ਸੰਸਕ੍ਰਿਤਕ ਚਿੰਤਨ ਦੇ ਪੱਧਰ ਉਤੇ ਯੋਗ ਵਿਸ਼ਲੇਸ਼ਣ ਦਾ ਆਧਾਰ ਨਹੀਂ ਬਣ ਸਕੀ। ਪੰਜਾਬੀਆਂ ਦੀ ਇਕ ਮਜ਼ਬੂਰੀ ਇਹ ਵੀ ਰਹੀ ਹੈ ਕਿ ਇਨ੍ਹਾਂ ਨੂੰ ਆਪਣੀਆਂ ਕਲਾਵਾਂ ਨੂੰ ਸੰਵਾਰਨ, ਸ਼ਿੰਗਾਰਨ, ਨਿਭਾਉਣ ਅਤੇ ਸ਼ਾਸਤਰੀ ਬੰਧੇਜ 'ਚ ਬੰਨ੍ਹ ਕੇ ਉਚੱਤਮ ਕਲਾ ਕਿਰਤ ਵਜੋਂ ਨਿਰੰਤਰ ਪ੍ਰਵਾਹ ਅਧੀਨ ਲਿਆ ਸਕਣ ਲਈ ਉਚਿਤ ਸਮਾਂ ਤੇ ਸ਼ਾਂਤੀ ਹੀ ਨਸੀਬ ਨਹੀਂ ਹੋ ਸਕੀ। ਵਿਦੇਸ਼ੀ ਹਮ-ਲਾਵਰਾਂ ਨੇ ਪੰਜਾਬ ਨੂੰ ਕਦੇ ਸੁਖ ਦਾ ਸਾਹ ਨਹੀਂ ਲੈਣ ਦਿਤਾ। ਇਸੇ ਕਾਰਨ 'ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ' ਦੀ ਪ੍ਰਵਿਰਤੀ ਕਲਾਵਾਂ ਦੇ ਸੰਭਾਵਿਤ ਵਿਕਾਸ ਲਈ ਘਾਤਕ ਸਿੱਧ ਸਾਬਤ ਹੋਈ ਹੈ। ਇਸ ਵਤੀਰੇ ਨੇ ਪੰਜਾਬ ਦੀਆਂ ਕਲਾਵਾਂ ਨੂੰ ਇਕ ਵੱਖਰਤਾ ਤਾਂ ਜ਼ਰੂਰ ਪ੍ਰਦਾਨ ਕੀਤੀ ਹੈ ਪਰੰਤੂ ਦੂਸਰੇ ਭਾਰਤੀ ਖਿਤਿਆਂ ਦੇ ਮੁਕਾਬਲੇ ਇਥੋਂ ਦੀ ਪ੍ਰਾਚੀਨ, ਅਮੀਰ ਅਤੇ ਵਿਸ਼ਾਲ ਕਲਾ ਪਰੰਪਰਾ ਨੂੰ ਸਥਾਪਤੀ ਦੇ ਉਸ ਮਿਆਰ ਉਤੇ ਨਹੀਂ ਅਪੜਾ ਸਕੀ। ਸਿੱਟੇ ਵਜੋਂ ਪੰਜਾਬੀਆਂ ਵਿਚ ਆਪਣੀਆਂ ਕਲਾਵਾਂ ਪ੍ਰਤੀ ਗੰਭੀਰ ਰੂਪ ਵਿਚ ਸੋਚਣ, ਸਮਝਣ ਤੇ ਵਿਚਾਰਨ ਦੀ ਪ੍ਰਵਿਰਤੀ ਵੀ ਉਤਪੰਨ ਨਹੀਂ ਹੋ ਸਕੀ। ਉਦਾਹਰਣ ਦੇ ਤੌਰ 'ਤੇ ਪੰਜਾਬ ਦੀਆਂ ਮੂਲ ਗਾਇਨ ਸ਼ੈਲੀਆਂ ਦਾ ਭਰਪੂਰ ਵਿਕਾਸ ਤੇ ਪਰਯੋਗ ਅਸੀਂ ਨਹੀਂ ਕਰ ਸਕੇ ਭਾਵੇਂ ਕਿ ਸਮਸਤ ਭਾਰਤੀ ਸੰਗੀਤ ਵਿਚ ਇਨ੍ਹਾਂ ਨੂੰ ਮਾਨਤਾ ਦਿਤੀ ਜਾਂਦੀ ਹੈ। ਇਸ ਤਰ੍ਹਾਂ ਕਥਕ, ਉੜੀਸੀ, ਭਾਰਤ ਨਾਟਿਅਮ ਵਰਗੇ ਦੂਸਰੇ ਖੇਤਰੀ ਲੋਕ ਨਾਚ ਸ਼ਾਸਤਰੀ ਸਰੂਪ ਗ੍ਰਹਿਣ ਕਰ ਗਏ ਪਰੰਤੂ ਅਸੀਂ ਲੁਡੀ, ਸੰਮੀ, ਝੁੰਮਰ, ਢੋਲਾ, ਮਿਰਜ਼ਾ ਆਦਿ ਪੰਜਾਬੀ ਨਾਚਾਂ ਦੀ ਪਹਿਚਾਣ ਹੀ ਭੁਲਦੇ ਜਾ ਰਹੇ ਹਾਂ ਅਤੇ ਇਨ੍ਹਾਂ ਦੇ ਮਿਲਗੋਭੇ ਨੂੰ 'ਭੰਗੜੇ' ਦਾ ਨਾਂ ਦੇ ਕੇ, ਨੱਚੀ ਜਾ ਰਹੇ ਹਾਂ। ਪੰਜਾਬ ਦੇ ਉਪਰੋਕਤ ਨਾਚਾਂ ਵਿਚ ਵੀ, ਦੂਜੇ ਖੇਤਰੀ ਨਾਚਾਂ ਦੇ ਮੁਕਾਬਲੇ ਭਾਵ ਅਭਿਵਿਅਕਤੀ ਦੀ ਪ੍ਰਬਲਤਾ

ਮੌਜੂਦ ਹੈ ਅਤੇ ਇਨ੍ਹਾਂ ਅਧੀਨ ਤਾਲ-ਲੈਅ ਦੇ ਵਿਵਿਧ ਸੁਹਜਾਤਮਿਕ ਦਾਇਰੇ ਵੀ ਸ਼ਾਸਤਰੀ ਸਰੂਪ ਇਖ਼ਤਿਆਰ ਨਹੀਂ ਕਰ ਸਕੇ। ਇਸ ਪਰਿਪੇਖ ਵਿਚ ਅਸੀਂ ਪੰਜਾਬ ਦੀਆਂ ਗਾਇਨ ਅਤੇ ਵਾਦਨ ਪਰੰਪਰਾਵਾਂ ਦਾ ਅਧਿਐਨ ਕਰ ਸਕਦੇ ਹਾਂ ਜਿਨ੍ਹਾਂ 'ਚ ਲੋਕ ਗਾਇਨ ਸ਼ੈਲੀਆਂ ਦੇ ਕਈ ਉੱਤਮ ਨਮੂਨੇ ਅਤੇ ਵਾਦਨ ਸੰਗੀਤ ਅਧੀਨ ਸਰੰਦਾ, ਤਾਊਸ, ਰਬਾਬ, ਸਾਰੰਗੀ, ਦਿਲਰੁਬਾ ਵਰਗੇ ਕਈ ਸਾਜ਼ ਅਲੋਪ ਹੋ ਰਹੇ ਹਨ। ਸ਼ਾਸਤਰੀ ਸੰਗੀਤ ਵਿਚ ਪੰਜਾਬ ਦੇ ਸੰਗੀਤ ਤੋਂ ਪ੍ਰਚਾਰ ਵਿਚ ਆਈਆਂ ਟੱਪਾ ਤੇ ਕਾਫ਼ੀ ਗਾਇਨ ਸ਼ੈਲੀਆਂ ਵੀ ਹੁਣ ਬਹੁਤ ਘੱਟ ਸੁਣਨ ਨੂੰ ਮਿਲਦੀਆਂ ਹਨ। ਕੀ ਪੰਜਾਬ ਦੀ ਸੰਗੀਤ ਪਰੰਪਰਾ ਦੇ ਟੱਪੇ, ਮਾਹੀਆਂ, ਸੋਹਲੇ, ਛੰਦ, ਪੜਤਾਲ ਆਦਿ ਸ਼ਾਸਤਰੀ ਅੰਦਾਜ਼ ਤੋਂ ਨਹੀਂ ਗਾਏ ਜਾ ਸਕਦੇ ਜਦੋਂ ਕਿ ਕਿ ਇਨ੍ਹਾਂ ਦੇ ਸੁਰ ਸਰੂਪ ਵਿਚ ਵਿਸਥਾਰ ਦੀਆਂ ਅਸੀਮ ਸੰਭਾਵਨਾਵਾਂ ਵਿਦਮਾਨ ਹਨ।

ਉਤਰੀ ਭਾਰਤੀ ਸੰਗੀਤ ਜਿਸਨੂੰ ਹਿੰਦੁਸਤਾਨੀ ਸੰਗੀਤ ਦੇ ਨਾਮ ਨਾਲ ਵੀ ਪਰਿ- ਕੀਤਾ ਜਾਂਦਾ ਹੈ। ਅਸਲ ਵਿਚ ਮੁਖ ਤੌਰ 'ਤੇ ਮੱਧਕਾਲੀਨ ਵਿਸ਼ਾਲ ਪੰਜਾਬ ਦੀ ਹੀ ਸੰਗੀਤ ਪਰੰਪਰਾ ਹੈ। ਪੰਜਾਬ ਦੀ ਇਹ ਸ਼ਾਸਤਰੀ ਪਰੰਪਰਾ ਹਿੰਦੁਸਤਾਨੀ ਸੰਗੀਤ ਦੀ ਪ੍ਰਤੀਨਿਧਤਾ ਹੀ ਨਹੀਂ ਕਰਦੀ ਸਗੋਂ ਇਸ ਪਰੰਪਰਾ ਨੇ ਹਿੰਦੁਸਤਾਨੀ ਸੰਗੀਤ ਲਈ ਇਕ ਵਿਸ਼ਾਲ ਸੰਗੀਤ-ਪੱਧਰ ਵੀ ਤਿਆਰ ਕੀਤਾ ਹੈ। ਇਹੋ ਕਾਰਨ ਹੈ ਕਿ ਹਿੰਦੁਸਤਾਨੀ ਸੰਗੀਤ ਵਿਚ ਪੰਜਾਬ ਦੀ ਸੰਗੀਤ ਪਰੰਪਰਾ ਦੇ ਅਨੇਕ ਲੱਛਣ ਸੁਰਾਵਲੀਆਂ, ਰਾਗਾਂ, ਗਾਇਨ ਸ਼ੈਲੀਆਂ ਆਦਿ ਦੇ ਰੂਪ ਵਿਚ ਅੱਜ ਵੀ ਪ੍ਰਚੱਲਿਤ ਹਨ।

ਸਿੰਧ ਘਾਟੀ ਦੀ ਸਭਿਅਤਾ ਤੋਂ ਲੈ ਕੇ ਵੈਦਿਕ ਸੰਗੀਤ ਪੱਧਤੀ ਤੇ ਫਿਰ ਭਰਤ, ਦਲਿਤ, ਕੋਹਲਮਈ, ਨਟਯ ਸ਼ਾਸਤਰੀ ਪਰੰਪਰਾ ਇਸੇ ਧਰਤ 'ਤੇ ਵਿਕਸਿਤ ਹੋਈਆਂ, ਜਿਨ੍ਹਾਂ ਨੇ ਭਾਰਤੀ ਸੰਗੀਤ ਨੂੰ ਸਿਧਾਂਤਕ ਤੌਰ ਤੇ ਸ਼ਾਸਤਰੀ ਆਧਾਰ ਪ੍ਰਦਾਨ ਕਰਵਾਇਆ। ਨਾਟ ਸ਼ਾਸਤਰ' ਭਰਤ ਦੁਆਰਾ ਰਚਿਤ ਨਾਟਕ ਅਤੇ ਸੰਗੀਤ ਦਾ ਆਧਾਰ ਗਰੰਥ ਹੈ ਜਿਸ ਦੀ ਰਚਨਾ ਵੀ ਪੰਜਾਬ ਦੀ ਪਾਵਨ ਭੂਮੀ ਉਤੇ ਹੋਈ। ਭਾਰਤੀ ਪਰੰਪਰਾ ਅਨੁਸਾਰ ਇਸ ਦੀ ਰਚਨਾ ਚਾਰ ਵੇਦਾਂ ਦੇ ਆਧਾਰ 'ਤੇ ਹੋਈ, ਇਸ ਲਈ ਇਸਨੂੰ ਪੰਜਵਾਂ ਵੇਦ ਵੀ ਕਿਹਾ ਜਾਂਦਾ ਹੈ।

ਪੰਜਾਬ ਦੀ ਇਸ ਧਰਤੀ ਉਤੇ ਵੀ ਗੰਧਰਵ ਗਾਨ (ਜਾਤੀ ਗਾਨ 18 ਜਾਤੀਆਂ ਉਤੇ ਆਧਾਰਿਤ) ਵੀ ਸ਼ਾਸਤਰੀ ਸੰਗੀਤ ਪਰੰਪਰਾ ਦਾ ਅਨਿੱਖੜਵਾਂ ਅੰਗ ਰਿਹਾ ਹੈ। ਧਰੁਪਦ ਦਾ ਵਿਕਾਸ ਵੀ ਪੰਜਾਬ ਦੇ ਸੰਗੀਤਕਾਰਾਂ ਨੇ ਖੂਬ ਕੀਤਾ। ਪੰਜਾਬ ਵਿਚ ਧਰੁਪਦ ਗਾਇਕੀ ਦਾ ਪ੍ਰਚਾਰ ਕਈ ਪੱਧਰਾਂ ਉਤੇ ਹੋਇਆ ਹੈ ਸੰਤ ਭਗਤ ਕਵੀਆਂ ਦੁਆਰਾ ਕੀਤੇ ਜਾਣ ਵਾਲੇ ਦੇ ਗਾਇਨ ਵਿਚ ਵੀ ਇਹੋ ਰੰਗ ਪ੍ਰਮੁਖ ਸੀ। ਅਬੁਲ ਫਜ਼ਲ ਦੀ ਕਿਰਤ 'ਆਈਨੇ ਅਕਬਰੀ' 'ਚ ਹਵਾਲਾ ਮਿਲਦਾ ਹੈ ਕਿ ਤਫਜ਼ਨ ਗਾਇਕ ਔਰਤਾਂ ਮੁਖ ਤੌਰ ਤੇ ਪੰਜਾਬ ਦੀਆਂ ਔਰਤਾਂ ਸਨ ਜਿਹੜੀਆਂ ਡਫ਼ ਅਤੇ ਢੋਲ ਵਜਾਉਂਦੀਆਂ, ਧਰੁਪਦ, ਸੋਹਲੇ ਜਾਂ ਵਿਵਾਹਿਕ ਤੇ ਜਨਮ ਗੀਤ ਗਾਉਂਦੀਆਂ ਸਨ। ਪਹਿਲਾਂ ਇਹ ਕੇਵਲ ਔਰਤਾਂ ਸਾਹ-

ਮਣੇ ਹੀ ਅਤੇ ਹੁਣ ਆਮ ਲੋਕਾਂ ਸਾਹਮਣੇ ਵੀ ਪ੍ਰਦਰਸ਼ਨ ਕਰਦੀਆਂ ਸਨ। ਜਿਸ ਤੋਂ ਸਪਸ਼ਟ ਹੈ ਕਿ ਧਰੁਪਦ ਜਨ-ਜੀਵਨ ਦੁਆਰਾ ਵਿਵਹਾਰਿਕ ਪੱਧਰ 'ਤੇ ਪ੍ਰਚਲਿਤ ਸੀ।'

ਪੰਜਾਬ ਵਿਚ ਸਿੱਖ ਗੁਰੂਆਂ ਨੇ ਵੀ ਆਪਣੀ ਬਾਣੀ, ਜਿਹੜੀ ਕਿ ਵਧਰੇ ਪਦਿਆਂ ਦੇ ਰੂਪ ਵਿਚ ਅੰਕਿਤ ਹੈ, ਲਈ ਵੀ ਧਰੁਪਦ ਗਾਇਕੀ ਨੂੰ ਵਿਸ਼ੇਸ਼ ਆਧਾਰ ਬਣਾਇਆ। ਇਸ ਬਾਣੀ ਦੇ ਪਦਿਆਂ ਦੀ ਸੰਗੀਤ ਨੇਮ-ਬੱਧਤਾ ਇਸ ਕਾਵਿ ਦੇ ਵਿਸ਼ੇਸ਼ ਪ੍ਰਬੰਧ ਤਾਂ ਹੀ ਲਗਾਈ ਜਾ ਸਕਦੀ ਹੈ ਜਿਸ ਵਿਚ ਰਾਗ, ਰਹਾਉ, ਅੰਕ ਆਦਿ ਵਰਗੇ ਸੰਗੀਤਕ ਸੰਕੇਤਾਂ ਦੁਆਰਾ ਪਦਿਆਂ ਦੇ ਗਾਇਨ ਨੂੰ ਨਿਸ਼ਚਿਤ ਰੂਪ ਪ੍ਰਦਾਨ ਕੀਤਾ ਗਿਆ ਹੈ। 16ਵੀਂ ਸ਼ਤਾਬਦੀ ਦੇ ਦੋ ਧਰੁਪਦ ਗਾਇਕਾਂ ਦੀ ਸਮੁਚੇ ਭਾਰਤੀ ਸੰਗੀਤ ਵਿਚ ਕਾਫ਼ੀ ਧੂਮ ਸੀ। ਇਨ੍ਹਾਂ ਦੋਵਾਂ ਦੇ ਨਾਮ ਸੁਧਾਰਕ ਤੇ ਦਿਵਾਕਰ ਸਨ। ਸੁਧਾਰਕ, ਦਿਵਾਕਰ ਦਾ ਜੱਦੀ ਪਿੰਡ ਖੈਰਾਬਾਦ (ਪੰਜਾਬ) ਸੀ। ਇਨ੍ਹਾਂ ਦੇ ਗਾਇਨ ਵਿਚ 'ਖੈਰਾਬਾਦੀ ਭੇਦ' ਦੇ ਨਾਮ ਨਾਲ ਇਕ ਨਵੀਨ ਵਿਧੀ ਦਾ ਪ੍ਰਚਲਨ ਵੀ ਕੀਤਾ ਜਿਹੜਾ ਵਕਤ ਦੀਆਂ ਖੱਡਾਂ ਵਿਚ ਗੁਆਚ ਚੁੱਕਾ ਹੈ। ਧਰੁਪਦ ਗਾਇਕੀ ਦੇ ਖੇਤਰ ਵਿਚ ਪੰਜਾਬੀਆਂ ਦੇ ਤਲਵੰਡੀ, ਹਰਿਆਣਾ, ਜਾਡਲਾ, ਕਪੂਰਥਲਾ ਘਰਾਣੇ ਕਾਫ਼ੀ ਸਰਗਰਮ ਰਹੇ ਹਨ।

ਖਿਆਲ ਗਾਇਨ ਸ਼ੈਲੀ ਦੇ ਪ੍ਰਯੋਗ ਅਤੇ ਵਿਕਾਸ ਵਿਚ ਪੰਜਾਬੀਆਂ ਦਾ ਯੋਗਦਾਨ ਅਹਿਮ ਹੈ। ਪੰਜਾਬੀਆਂ ਵਿਚ ਮੂਲ ਤੌਰ 'ਤੇ ਕਲਪਨਾ ਦੀ ਪ੍ਰਵਿਰਤੀ ਪ੍ਰਬਲ ਹੈ। ਭਾਵੁਕਤਾ ਇਨ੍ਹਾਂ ਦੇ ਰੋਮ ਰੋਮ 'ਚ ਸਮਾਈ ਹੈ। ਖਿਆਲ ਗਾਇਕੀ ਵੀ ਕਲਪਨਾ ਅਤੇ ਭਾਵ ਪ੍ਰਧਾਨ ਗਾਇਕੀ ਹੈ। ਸਦਾਰੰਗ ਅਦਾਰੰਗ ਦੁਆਰਾ ਪਜਾਬੀ ਭਾਸ਼ਾ ਵਿਚ ਰਚਿਤ ਖ਼ਿਆਲਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਖ਼ਿਆਲ ਗਾਇਕੀ ਦੇ ਆਰੰਭ ਤੋਂ ਹੀ ਇਹ ਪੰਜਾਬ ਵਿਚ ਪ੍ਰਚਲਿਤ ਹੋ ਗਏ ਸਨ। ਸਦਾਰੰਗ ਅਦਾਰੰਗ ਪੰਜਾਬੀ ਸਨ ਜਾਂ ਨਹੀਂ ਇਸ ਸੰਬੰਧੀ ਅਧਿਕਾਰਪੂਰਣ ਕਹਿਣਾ ਕਠਿਨ ਹੈ ਪਰੰਤੂ ਉਨ੍ਹਾਂ ਦੁਆਰਾ ਰਚਿਤ ਪੰਜਾਬੀ ਦੇ ਖ਼ਿਆਲ ਕਿਸੇ ਪੰਜਾਬੀ ਮੂਲ ਦੀ ਕਾਵਿ ਪ੍ਰਤਿਭਾ ਵਾਲੇ ਵਿਅਕਤੀ ਤੋਂ ਬਿਨਾਂ ਕਿਸ ਹੋਰ ਵਿਅਕਤੀ ਦੁਆਰਾ ਰਚ ਸਕਣਾ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ।

ਖਿਆਲ ਗਾਇਨ ਵਿਚ ਪੰਜਾਬੀਆਂ ਦੇ ਕਈ ਨਾਂ ਸਮੁੱਚੇ ਭਾਰਤ ਵਿਚ ਪ੍ਰਸਿੱਧ ਰਹੇ ਹਨ। ਉਸਤਾਦ ਬੰਨੇ ਖਾਂ ਨੇ ਗਵਾਲੀਅਰ ਦੇ ਉਸਤਾਦ ਹੱਦੂ ਖਾਂ ਤੋਂ ਖਿਆਲ ਗਾਇਨ ਦੀ ਸਿੱਖਿਆ ਪ੍ਰਾਪਤ ਕੀਤੀ। ਇਨ੍ਹਾਂ ਦੇ ਚਚੇਰੇ ਭਰਾ ਅਮੀਰ ਖਾਂ, ਅਮੀਰ ਖਾਂ ਦੇ ਪੁੱਤਰ ਪਿਆਰੇ ਖਾਂ, ਸੈਦੇ ਖਾਂ, ਮੁਹੰਮਦ ਖਾਂ ਤੇ ਮਿਸਰੀ ਖਾਂ ਨੇ ਵੀ ਖਿਆਲ ਗਾਇਨ ਵਿਚ ਵਾਹਵਾ ਨਾਂ ਖੱਟਿਆ।

ਪਟਿਆਲੇ ਘਰਾਣੇ ਨੂੰ ਖਿਆਲ ਗਾਇਕੀ ਵਿਚ ਪੰਜਾਬ ਦਾ ਸਿਰਮੌਰ ਘਰਾਣਾ ਮੰਨਿਆ ਜਾਂਦਾ ਹੈ। ਇਸ ਘਰਾਣੇ ਦੇ ਪ੍ਰਸਿੱਧ ਗਾਇਕਾਂ ਦਾ ਆਰੰਭ ਮੀਆਂ ਕਾਲੂ (ਬੜੇ ਮੀਆਂ) ਅਤੇ ਇਨ੍ਹਾਂ ਦੇ ਸਪੁੱਤਰ ਨਬੀ ਬਖਸ਼, ਅਲੀ ਬਖਸ਼ ਤੇ ਸ਼ਿਸ਼ ਫਤਿਹ ਅਲੀ ਤੋਂ ਮੰਨਿਆ ਜਾਂਦਾ ਹੈ। ਅਲੀਆ ਫੱਤੂ ਦੀ ਜੋੜੀ ਭਾਰਤ ਭਰ ਵਿਚ ਪ੍ਰਸਿਧ ਸੀ ਅਤੇ ਬਾਅਦ ਵਿਚ ਇਸੇ ਪਰੰਪਰਾ ਤੋਂ ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ ਵਰਗੇ ਮਹਾਨ

ਸ਼ਾਸਤਰੀ ਗਾਇਕਾ ਨੇ ਪੰਜਾਬ ਦਾ ਸਿਰ ਦੁਨੀਆਂ ਭਰ 'ਚ ਉੱਚਾ ਚੁਕਿਆ। ਹੁਣ ਇਸ ਘਰਾਣੇ ਦੀ ਗਾਇਕੀ ਪਾਕਿਸਤਾ ਹਿੰਦੁਸਤਾਨ ਦੇ ਸ਼ਾਸਤਰੀ ਗਾਇਨ ਵਿਚ ਗਾਇਨ-ਸੌਂਦਰਯ ਦੇ ਚਮਕਦੇ ਤੇ ਦਹਿਕਦੇ ਸਿਤਾਰੇ ਵਜੋਂ ਜਗਮਗਾ ਰਹੀ ਹੈ।

ਪਟਿਆਲਾ ਘਰਾਣੇ ਤੋਂ ਬਿਨਾਂ ਸ਼ਾਮ ਚੌਰਾਸੀ ਘਰਾਣੇ ਦੇ ਉਸਤਾਦ ਨਜ਼ਾਕਤ ਅਲੀ ਸਲਾਮਤ ਅਲੀ ਨੇ ਹਿੰਦ ਪਾਕਿ ਦੀ ਵੰਡ ਤੋਂ ਪਹਿਲਾਂ ਅਤੇ ਬਾਅਦ ਖ਼ਿਆਲ ਗਾਇਨ ਖੇਤਰ ਵਿਚ ਕਾਫ਼ੀ ਉਚ ਸਥਾਨ ਬਣਾਇਆ ਹੈ। ਖਿਆਲ ਦੇ ਪੰਜਾਬੀ ਘਰਾਣਿਆਂ ਤੋਂ ਬਿਨਾਂ ਕੁਝ ਵਿਅਕਤੀਆ ਨੇ ਸੁਤੰਤਰ ਰੂਪ ਵਿਚ ਭਾਰਤ ਦੇ ਦੂਸਰੇ ਘਰਾਣਿਆਂ ਤੋਂ ਖਿਆਲ ਗਾਇਨ ਦੀ ਸਿਖਿਆ ਪ੍ਰਾਪਤ ਕੀਤੀ ਤੇ ਵਿਸ਼ੇਸ਼ ਮੁਕਾਮ ਪ੍ਰਾਪਤ ਕੀਤਾ ਉਨ੍ਹਾਂ ਵਿਚੋਂ ਪੰਡਿਤ ਦਲੀਪ ਚੰਦਰ ਵੇਦੀ, ਉਸਤਾਦ ਸੋਹਣ ਸਿੰਘ ਸ੍ਰ. ਤਰਲੋਚਨ ਸਿੰਘ, ਪ੍ਰੋ: ਯਸ਼ਪਾਲ ਆਦਿ ਦੇ ਨਾਮ ਵਿਸ਼ੇਸ਼ ਤੌਰ 'ਤੇ ਵਰਨਣ ਹਨ।

ਟੱਪਾ ਸ਼ਾਸਤਰੀ ਸੰਗੀਤ ਦੀ ਵਿਸ਼ਿਸ਼ਟ ਗਾਇਨ ਸ਼ੈਲੀ ਹੈ ਜਿਸਦੀ ਉਤਪਤੀ ਪੰਜਾਬ ਦੇ ਲੋਕ ਸੰਗੀਤ ਨਾਲ ਹੋਈ। ਟੱਪਾ ਗਾਇਕੀ ਨੂੰ ਪੰਜਾਬੀ ਊਠਾਂ ਵਾਲਿਆਂ ਦੇ ਲੋਕ ਗੀਤਾਂ ਤੋਂ ਵਿਕਸਿਤ ਮੰਨਦੇ ਹਨ, ਜਿਸਨੂੰ ਸ਼ੋਰੀ ਮੀਆਂ ਨੇ ਸੌਂਦਰਯਾਤਮਿਕ ਬੰਧੇਜ ਵਿਚ ਬੰਨ੍ਹਿਆ ਅਤੇ ਖੂਬ ਪਰਚਾਰਿਆ। ਟੱਪਾ ਗਾਇਨ ਸ਼ੈਲੀ ਵਿਚ ਲੋਕ ਗਾਇਕੀ ਦਾ ਰੰਗ ਪ੍ਰਬੱਲ ਹੈ। ਇਸ ਦੇ ਪ੍ਰਭਾਵ ਨੂੰ ਹੋਰ ਦੂਣ ਸਵਾਇਆ ਕਰਨ ਲਈ ਟੱਪਿਆਂ ਦਾ ਕਾਵਿ ਵੀ ਇਸ ਗਾਇਕੀ ਦੇ ਅਨੁਕੂਲ ਨਿਰੋਲ ਲਹਿੰਦੀ ਪੰਜਾਬੀ ਹੈ ਜਿਸ ਵਿਚ ਵਧੇਰੇ ਕਰਕੇ ਹੀਰ ਰਾਂਝੇ ਦੇ ਪ੍ਰੇਮ ਦਾ ਵਰਣਨ ਹੁੰਦਾ ਹੈ।

19ਵੀਂ ਸਦੀ ਦੇ ਮੱਧ ਵਿਚ ਟੱਪਾ ਗਾਇਨ ਸ਼ੈਲੀ ਕਾਫ਼ੀ ਪ੍ਰਚਲਿਤ ਹੋ ਗਈ ਸੀ। ਬੰਗਾਲੀ ਪ੍ਰੇਮ ਗੀਤ ਇਸ ਸ਼ੈਲੀ ਵਿਚ ਸੰਗੀਤ ਬੱਧ ਕੀਤੇ ਗਏ ਅਤੇ ਰਾਮ ਨਿਧੀ ਗੁਪਤਾ ਇਸ ਕਾਲ ਵਿਚ ਪ੍ਰਸਿਧ ਹੋਏ। ਮਹਾਂ ਕਵੀ ਟੈਗੋਰ ਦੀਆਂ ਕੁਝ ਰਚਨਾਵਾਂ ਉਤੇ ਇਸਦਾ ਸਪਸ਼ਟ ਭਾਵ ਪਿਆ ਬ੍ਰਹਮ ਸਮਾਜ ਦੇ ਕੁਝ ਭਗਤੀ ਗੀਤ ਵੀ ਇਸ ਸ਼ੈਲੀ ਵਿਚ ਰਚੇ ਮਿਲਦੇ ਹਨ। ਪੰਜਾਬੀਆਂ 'ਚ ਟੱਪਾ ਗਾਇਨ ਲਈ ਪਟਿਆਲਾ ਅਤੇ ਸ਼ਾਮ ਚੌਰਾਸੀ ਘਰਾਣੇ ਦੇ ਗਾਇਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਅਜ ਕਲ੍ਹ ਇਸ ਦਾ ਪ੍ਰਯੋਗ ਨਾਂਮਾਤਰ ਹੀ ਹੈ। ਇਸ ਪੰਜਾਬੀ ਗਾਇਨ ਸ਼ੈਲੀ ਦੀ ਸੰਭਾਲ ਅਤੇ ਸੁਰਖਿਅਤਾ ਸੰਗੀਤਜੀਵੀਆਂ ਦਾ ਵਿਸ਼ੇਸ਼ ਫਰਜ਼ ਹੈ।

ਠੁਮਰੀ ਗਾਇਕੀ ਵੀ ਪੰਜਾਬ ਦੀ ਸੰਗੀਤ ਪਰੰਪਰਾ ਦੀ ਪਹਿਚਾਣ ਦਾ ਵਿਲੱਖਣ ਚਿੰਨ੍ਹ ਹੈ। ਭਾਰਤੀ ਸੰਗੀਤ ਵਿਚ ਪ੍ਰਚਲਿਤ ਠੁਮਰੀ ਦੇ ਦੋ ਅੰਗ 'ਪੂਰਬ ਦੀ ਠੁਮਰੀ' ਅਤੇ 'ਪੰਜਾਬ ਅੰਗ ਦੀ ਠੁਮਰੀ' ਦੇ ਨਾਮ ਨਾਲ ਪ੍ਰਚਲਿਤ ਹਨ।

ਪੰਜਾਬ ਅੰਗ ਦੀ ਠੁਮਰੀ ਇਸ ਪਰੰਪਰਾਗਤ ਠੁਮਰੀ ਗਾਇਨ ਦੀ ਮੁਹਤਾਜ ਨਹੀਂ ਹੈ ਕਿਉਂਕਿ ਇਸ ਕੋਲ ਲੋਕ ਸੰਗੀਤ ਦੀਆਂ 'ਸੁਰਾਵਲੀਆਂ' ਅਤੇ 'ਇਰਾਦਿਆਂ ਤੋਂ ਬਿਨਾਂ ਟੱਪਾ ਸ਼ੈਲੀ ਦੀ ਚੰਚਲਤਾ ਨੂੰ ਵੀ ਪ੍ਰਸਤੁਤ ਕਰਨਾ ਸ਼ੁਰੂ ਕਰ ਦਿਤਾ ਜਿਸ ਵਿਚ ਸਰੋਦੀ ਅੰਸ਼ ਅਤੇ ਸੁਰਾਵਲੀਆਂ ਦੀ ਗਤੀ ਕਾਫ਼ੀ ਪ੍ਰਬਲ ਪਾਈ ਜਾਂਦੀ ਹੈ। ਪੰਜਾਬ ਅੰਗ

ਦੀ ਠੁਮਰੀ ਗਾਉਣ ਵਾਲਿਆਂ ਵਿਚ ਪਟਿਆਲਾ ਅਤੇ ਸ਼ਾਮ ਚੌਰਾਸੀ ਘਰਾਣੇ ਦੇ ਗਾਇਕਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ 'ਚ ਉਸਤਾਦ ਆਸ਼ਿਕ ਅਲੀ, ਬੜੇ ਗੁਲਾਮ ਅਲੀ, ਮੀਆਂ ਜਾਨ, ਨਜ਼ਾਕਤ ਅਲੀ ਸਲਾਮਤ ਅਲੀ ਆਦਿ ਦੇ ਨਾਮ ਸੰਗੀਤ ਨਾਲ ਮੱਸ ਰੱਖਣ ਵਾਲੇ ਕਿਸੇ ਵੀ ਵਿਅਕਤੀ ਤੋਂ ਭੁਲੇ ਨਹੀਂ।

ਕਾਫ਼ੀ ਗਾਇਨ ਸ਼ੈਲੀ ਵੀ ਨਿਰੋਲ ਪੰਜਾਬੀ ਦੀ ਹੀ ਦੇਣ ਹੈ। ਸੂਫ਼ੀ ਕਵੀ ਸ਼ੇਖ ਫ਼ਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਗੁਲਾਮ ਫਰੀਦ ਆਦਿ ਦੁਆਰਾ ਰਚੀਆਂ ਕਾਫੀਆਂ ਨੂੰ ਅਰਧ-ਸ਼ਾਸਤਰੀ ਅਤੇ ਨਿਰੋਲ ਸ਼ਾਸਤਰੀ ਅੰਦਾਜ਼ ਵਿਚ ਗਾਉਣ ਦੀ ਪਰੰਪਰਾ ਅੱਜ ਵੀ ਮੌਜੂਦ ਹੈ। ਇਨ੍ਹਾਂ ਕਾਫ਼ੀਆਂ ਦਾ ਗਾਇਨ ਵਧੇਰੇ ਕਰਕੇ ਨਿਰੋਲ ਰਾਗਾਂ ਉਪਰ ਹੀ ਅਧਾਰਿਤ ਹੈ ਜਿਸ ਵਿਚ ਖੂਬਸੂਰਤੀ ਲਈ ਅਲਾਪ, ਬੋਲ ਅਲਾਪ, ਬਹਿਲਵਾ ਅਤੇ ਤਾਨ, ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ। ਪਟਿਆਲਾ ਘਰਾਣਾ ਅਤੇ ਸ਼ਾਮ ਚੌਰਾਸੀ ਘਰਾਣੇ ਦੇ ਸ਼ਾਸਤਰੀ ਗਾਇਕਾਂ ਨੇ ਕਾਫ਼ੀ ਸ਼ਾਸਤਰੀ ਰੰਗ ਪ੍ਰਦਾਨ ਕੀਤਾ ਹੈ। ਇਹ ਵਧੇਰੇ ਕਰਕੇ ਸਿੰਧੀ ਭੈਰਵੀਂ ਕਾਫੀ, ਖਮਾਜ, ਪੀਲੂ, ਆਸਾ ਆਦਿ ਰਾਗ 'ਚ ਗਾਈਆ ਜਾਂਦੀਆਂ ਹਨ।

ਉਪਰੋਕਤ ਗਾਇਨ ਸ਼ੈਲੀਆਂ ਤੋਂ ਬਿਨਾਂ ਦਾਦਰਾ, ਗਜ਼ਲ, ਕੱਵਾਲੀ ਵੀ ਪੰਜਾਬ ਦੀ ਸ਼ਾਸਤਰੀ ਗਾਇਕੀ ਵਿਚ ਪ੍ਰਚਲਿਤ ਰਹੀਆਂ ਹਨ। ਇਨ੍ਹਾਂ ਗਾਇਨ ਸ਼ੈਲੀਆ ਨੂੰ ਪੰਜਾਬੀ ਗਾਇਕ ਪੰਜਾਬੀ ਮਾਨਸਿਕਤਾ ਨਾਲ ਰਚੀਆਂ ਮਿਚੀਆਂ ਲੋਕ ਸੰਗੀਤ ਦੀਆ ਸੁਰਾਵਲੀਆਂ ਦਾ ਇਸਤੇਮਾਲ ਕਰਕ ਪੰਜਾਬੀ ਅੰਦਾਜ਼ 'ਚ ਪੇਸ਼ ਕਰਦੇ ਹਨ ਜੋ ਭਾਰਤ ਦ ਦੂਸਰੇ ਅੰਗਾਂ ਤੋਂ ਵਿਲੱਖਣ ਹੋ ਨਿਬੜਦਾ ਹੈ।

ਗੁਰਮਤਿ ਸੰਗੀਤ ਪਰੰਪਰਾ ਦੀ ਸਥਾਪਨਾ ਪੰਦਰਵੀਂ ਸਦੀ ਵਿਚ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ। ਭਾਈ ਮਰਦਾਨਾ (ਰਬਾਬੀ) ਆਪ ਦੇ ਪ੍ਰਮੁਖ ਸਹਿਯੋਗੀ ਸਨ। ਗੁਰੂ ਸਾਹਿਬ ਨ ਬਾਨੀ ਅਤੇ ਸੰਗੀਤ ਦੇ ਸਮਿਲਿਤ ਰੂਪ ਦੁਆਰਾ ਇਕ ਵਿਲੱਖਣ ਸੰਗੀਤ ਪ੍ਰਬਧ ਦੀ ਸਿਰਜਣਾ ਕੀਤੀ ਜਿਸ ਵਿਚ ਲੋਕ ਸਗੀਤ ਨੂੰ ਗੁਰਮਤਿ ਸਗੀਤ ਪ੍ਰਬਧ ਦ ਅੰਤਰਗਤ ਨਿਯਮ-ਬੱਧ ਕੀਤਾ ਗਿਆ ਅਤੇ ਸ਼ਾਸਤਰੀ ਸੰਗੀਤ ਦ ਰਾਗਾਂ, ਗਾਇਨ-ਸ਼ਲੀਆ ਤੱਤਾ ਤੋਂ ਇਕਾਈਆ ਨੂੰ ਮੌਲਿਕ ਵਿਧੀ ਦੁਆਰਾ ਇਨ੍ਹਾਂ ਦੇ ਮੂਲ ਗੁਣਾਂ ਸਹਿਤ ਨਵੀਨ ਰੂਪ ਦਿਤਾ ਗਿਆ।

ਵਾਦਨ ਦ ਖੇਤਰ ਵਿਚ ਵੀ ਪੰਜਾਬੀਆਂ ਦਾ ਯੋਗਦਾਨ ਵਿਸ਼ੇਸ਼ ਰਿਹਾ ਹੈ। ਭਾਈ ਮਰਦਾਨਾ ਉਚਕੋਟੀ ਦੇ ਰਬਾਬੀ ਸਨ। ਜਿਨ੍ਹਾਂ, ਗੁਰੂ ਨਾਨਕ ਸੰਗ ਦੇਸ-ਦੇਸਾਂਤਰ ਦਾ ਦਾ ਰਟਨ ਕੀਤਾ। ਭਾਈ ਫਿਰੰਦਾ (ਭਾਈ ਮਰਦਾਨਾ ਦੇ ਉਸਤਾਦ) ਦਾ ਨਾਮ ਵੀ ਪੁਰਾਤਨ ਤੰਤਕਾਰਾਂ 'ਚ ਵਿਸ਼ੇਸ਼ ਹੈ। ਵਾਦਨ ਦੇ ਖੇਤਰ ਵਿਚ ਰਬਾਬੀ ਸਿੰਘਾਂ ਦਾ ਯੋਗਦਾਨ ਵੀ ਵਿਸ਼ੇਸ਼ ਰਿਹਾ ਹੈ। ਭਾਈ ਸ਼ਹਿਜ਼ਾਦ, ਭਾਈ ਸੱਤਾ ਬਲਵੰਡ, ਸਾਦੂ ਅਤੇ ਬਾਦੂ ਵਰਗੇ ਸੰਗੀਤਕਾਰ ਜਿਥੇ ਉਚ ਕੋਟੀ ਦੇ ਗਾਇਕ ਸਨ ਉਥੇ ਉਹ ਤੰਤੀ ਸਾਜ਼ ਵਿਸ਼ੇਸ਼ ਕਰਕੇ ਰਬਾਬ ਤੇ ਸਾਰੰਦਾ ਵਜਾਉਣ ਵਿਚ ਵੀ ਮੁਹਾਰਤ ਰੱਖਦੇ ਸਨ। ਗੁਰੂ ਅਮਰਦਾਸ ਦੁਆਰਾ ਸਾਰੰਦੇ ਦੀ ਈਜਾਦ ਕਰਨਾ, ਗੁਰੂ ਅਰਜਨ ਦੇਵ ਜੀ ਦਾ ਤੰਤੀ ਸਾਜ਼ਾਂ ਨੂੰ ਵਿਸ਼ੇਸ਼ ਪ੍ਰੋਤ-

ਸਾਹਨ ਤੇ ਤੰਤੀ ਸਾਜ਼ਾਂ ਦਾ ਗੁਰਮਤਿ ਸੰਗੀਤ ਦਾ ਅਨਿੱਖੜਵਾਂ ਅੰਗ ਹੋਣਾ ਪੰਜਾਬ ਵਿਚ ਵਾਦਨ ਸੰਗੀਤ ਦੀ ਨਰੋਈ ਪਰੰਪਰਾ ਦਾ ਪ੍ਰਤੱਖ ਪ੍ਰਮਾਣ ਹੈ । ਕਪੂਰਥਲਾ ਅਤੇ ਪਟਿਆਲਾ ਘਰਾਣੇ ਨੇ ਉਨੀਵੀਂ ਤੇ ਵੀਹਵੀਂ ਸਦੀ ਵਿਚ ਵਾਦਨ ਦਾ ਚੋਖਾ ਪ੍ਰਚਾਰ ਕੀਤਾ। ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਕਾਲ ਦੇ ਪ੍ਰਸਿਧ ਪਖਾਵਜ ਘਰਾਣੇ ਦਾ ਜ਼ਿਕਰ ਵੀ ਆਉਂਦਾ ਹੈ। ਇਸ ਘਰਾਣੇ ਦਾ ਨਾਮ 'ਨਾਈ ਘਰਾਣਾ' ਸੀ।

ਪਖਾਵਜ ਅਤੇ ਤਬਲਾ ਵਾਦਨ ਦੇ ਖੇਤਰ ਵਿਚ ਪੰਜਾਬ ਘਰਾਣਾ ਬਹੁਤ ਪ੍ਰਸਿਧ ਹੈ। ਇਸ ਘਰਾਣੇ ਦੇ ਸੰਸਥਾਪਕ ਉਸਤਾਦ ਫਕੀਰ ਬਖਸ਼ ਲਾਹੌਰ ਵਾਲੇ ਸਨ। ਧਰੁਪਦ ਗਾਇਕੀ ਨਾਲ ਪਖਾਵਜ ਉਤੇ ਸੰਗੀਤ ਕੀਤੀ ਜਾਂਦੀ ਸੀ। ਬਾਅਦ ਵਿਚ ਇਸੇ ਗਾਇਕੀ ਨਾਲ ਤਬਲੇ ਦੀ ਜੋੜ ਉਪਰ ਖੁਲ੍ਹੇ ਬੋਲਾਂ ਦੁਆਰਾ ਸੰਗਤ ਕਰਨ ਦਾ ਰਿਵਾਜ ਵੀ ਪੰਜਾਬ ਵਿਚ ਹੀ ਪਿਆ ਅਤੇ ਖ਼ਿਆਲ ਗਾਇਕੀ ਨਾਲ ਤਬਲਾ ਵਾਦਨ ਦੇ ਪ੍ਰਚਾਰ ਨੇ ਕਾਫੀ ਜ਼ੋਰ ਫੜਿਆ। ਲਾਹੌਰ ਦੇ ਫ਼ਕੀਰ ਬਖਸ਼ ਖਾਂ ਸਾਹਿਬ ਨੇ ਆਪਣੇ ਨਿਵੇਕਲੇ ਸਬਕ ਦੁਆਰਾ ਗੁਣੀ ਸ਼ਿਸ਼ ਤਿਆਰ ਕਰਕੇ ਪੰਜਾਬ ਘਰਾਣੇ ਦੀ ਸਥਾਪਨਾ ਕੀਤੀ। ਉਸਤਾਦ ਮਲੰਗ ਖਾਨ (ਫਕੀਰ ਬਖਸ਼ ਦੇ ਸ਼ਿਸ਼) ਅਤੇ ਉਸਤਾਦ ਕਾਦਰ ਬਖਸ਼ (ਫਕੀਰ ਬਖਸ਼ ਦੇ ਸਪੁੱਤਰ) ਬਹੁਤ ਪ੍ਰਸਿਧ ਤਬਲਾ ਵਾਦਕ ਰਹੇ ਹਨ। ਭਾਈ ਨਸੀਰਾ, ਭਾਈ ਸੰਤੂ, ਭਾਈ ਰੱਖਾ, ਭਾਈ ਸੁੰਦਰ ਉਨੀਵੀਂ ਸਦੀ ਦੇ ਬੇਜੋੜ ਪੰਜਾਬੀ ਤਬਲਾ ਵਾਦਕ ਸਨ। ਇਸ ਘਰਾਣੇ ਦੇ ਉਸਤਾਦ ਅੱਲਾ ਰੱਖਾ, ਉਨ੍ਹਾਂ ਦੇ ਸਪੁੱਤਰ ਜ਼ਾਕਿਰ ਹੁਸੈਨ, ਉਸਤਾਦ ਲਛਮਣ ਸਿੰਘ, ਕਾਲੇ ਰਾਮ, ਪਵਨ ਕੁਮਾਰ, ਨੇ ਇਸ ਖੇਤਰ ਵਿਚ ਕਾਫੀ ਨਾਮਣਾ ਖਟਿਆ ਹੈ। ਤਬਲਾ ਵਾਦਨ ਦੇ ਖੇਤਰ ਵਿਚ ਪੰਜਾਬ ਦੇ ਕਸੂਰ ਘਰਾਣੇ ਦਾ ਨਾਮ ਵੀ ਵਿਸ਼ੇਸ਼ ਹੈ। ਇਸ ਘਰਾਣੇ ਦੀ ਸਥਾਪਨਾ ਭਾਈ ਫਤਹਿ ਭੁਲ ਦੁਆਰਾ ਦੁਆਰਾ ਹੋਈ ਜਿਨ੍ਹਾਂ ਦਿੱਲੀ ਦੇ ਪ੍ਰਸਿਧ ਉਸਤਾਦਾਂ ਕੋਲੋਂ ਤਬਲੇ ਦੀ ਤਾਲੀਮ ਪ੍ਰਾਪਤ ਕੀਤੀ ਸੀ।

ਸਰਵੇਖਣ ਰੂਪ ਵਿਚ ਉਕਤ ਵਿਸ਼ਲੇਸ਼ਣ ਤੋਂ ਪੰਜਾਬ ਦੀ ਸੰਗੀਤ ਪਰੰਪਰਾ ਦੀ ਮੌਲਿਕਤਾ ਤੋਂ ਵਿਸਤ੍ਰਿਤ ਰੂਪ ਵਿਚ ਪ੍ਰਗਟ ਹੋਣ ਵਾਲਾ ਵਡੇਰਾ ਸੰਗੀਤਕ-ਕੈਨਵਸ ਸਾਡੇ ਸਾਹਮਣੇ ਹੈ। ਅਧਿਐਨ, ਵਿਸ਼ਲੇਸ਼ਣ ਤੇ ਸੰਭਾਲ ਦੀ ਪੱਧਰ ਉਤੇ ਪੂਰਨ ਸਹਿਯੋਗ ਤੇ ਸਮਰੱਥਾਵਾਂ ਦੀ ਸੁਹਿਰਦਤਾ ਦੀ ਘਾਟ ਦੇ ਬਾਵਜੂਦ ਪ੍ਰਯੋਗ ਦੇ ਪੱਧਰ ਤੇ ਅੱਜ ਵੀ ਇਸ ਪਰੰਪਰਾ ਦੀ ਮੌਲਿਕ ਪਹਿਚਾਣ ਹੈ ਜਿਸ ਨੂੰ 'ਪੰਜਾਬੀ ਅੰਗ' ਦਾ ਨਾਮ ਦਿਤਾ ਜਾਂਦਾ ਹੈ। ਇਹ 'ਪੰਜਾਬੀ ਅੰਗ' ਗਾਇਨ ਵਾਦਨ ਤੇ ਨ੍ਰਿਤ ਦੇ ਸ਼ਾਸਤਰੀ, ਲੋਕ ਤੇ ਧਾਰਮਿਕ ਸੰਗੀਤ ਰੂਪਾਂ ਵਿਚ ਸਪਸ਼ਟ ਪਹਿਚਾਣ, ਪ੍ਰਸਤੁਤੀ ਵਿਸ਼ਲੇਸ਼ਣ ਪਿਆਰ ਤੇ ਪ੍ਰਸੰਸਾ ਹਿੱਤ ਸਾਡੇ ਵਿਰਸੇ ਵਜੋਂ ਵਿਦਮਾਨ ਹੈ, ਕੇਵਲ ਜਾਗਣ ਦੀ ਲੋੜ ਹੈ।

# ਕਥੌਨੀ ਕੀਰਤਨ

**- ਭਾਈ ਵੀਰ ਸਿੰਘ ਜੀ**

ਇਕ ਪੁਰਾਣਾ ਮੁਸਲਮਾਨ ਮੁਅੱਰਖ ਸਿਖਾਂ ਦੇ ਹਾਲਾਤ ਲਿਖਦਾ ਹੋਇਆ ਕਹਿੰਦਾ ਹੈ ਕਿ ਸਿੱਖ ਲੋਕ ਵਾਹਿਗੁਰੂ ਦੇ ਭਜਨ ਐਸੇ ਦਿਲਕਸ਼ ਰਾਗ ਵਿਚ ਗਾਉਂਦੇ ਹਨ ਕਿ ਚਲਦਾ ਪਾਣੀ ਖੜੋ ਜਾਂਦਾ ਹੈ, ਉਡਦੇ ਪੰਛੀ ਰੁਕ ਜਾਂਦੇ ਹਨ। ਜਿਸ ਕੌਮ ਦੇ ਕੀਰਤਨ ਦੀ ਇਹ ਤਾਰੀਫ਼ ਹੋਵੇ, ਅਜ ਉਸ ਕੌਮ ਦੇ ਕੀਰਤਨ ਦਾ ਕੀ ਹਾਲ ਹੋ ਰਿਹਾ ਹੈ? ਸੱਚ ਪੁਛੋ ਤਾਂ ਕੀਰਤਨ ਹੁਣ ਬਹੁਤ ਘਟ ਰਹਿ ਗਿਆ ਹੈ।

ਸਾਡੇ ਹੋਰ ਆਸ਼ਰਮ ਜਿਥੇ ਵੈਰਾਨ ਹੋਏ ਸਨ ਉਥੇ ਸਾਡੇ ਵਿਚੋਂ ਢਾਡੀਆਂ ਦਾ ਹਿਸਾ ਮੂਲੋਂ ਉੱਡ ਗਿਆ ਹੈ। ਇਹਨਾਂ ਦੇ ਉਡ ਜਾਣ ਨੇ ਸਾਡੇ ਕੀਰਤਨ ਨੂੰ ਤਰਸੇਵੇਂ ਨਾਲ ਮਿਲਣ ਵਾਲੀ ਸ਼ੈ ਕਰ ਦਿਤਾ ਹੈ। ਹੁਣ ਕੀਰਤਨ ਤੇ ਢਾਡੀਆਂ ਦੇ ਵਿਚਕਾਰ ਇਕ ਤੀਸਰੀ ਚੀਜ਼ ਪੈਦਾ ਹੋਈ ਹੈ, ਜਿਸ ਨੂੰ ਨਾ ਕੀਰਤਨ ਕਹਿ ਸਕਦੇ ਹਾਂ ਨਾਂ ਢਾਡੀਆਂ ਦੀ ਢਾਡ ਕਹਿ ਸਕਦੇ ਹਾਂ। ਇਸ ਨੂੰ ਕੁਝ ਹੁਣ ਨਵਾਂ ਨਾਮ ਦੇਣਾ ਚਾਹੀਦਾ ਹੈ, ਅਤੇ ਕੀਰਤਨ ਦੇ ਆਸ਼੍ਰਮ ਨੂੰ ਆਪਣੀ ਨਿਰੋਲਤਾ ਵਿਚ ਕਾਇਮ ਰਖਣਾ ਚਾਹੀਦਾ ਹੈ। ਇਸ ਨਵੇਂ ਪੈਦਾ ਹੋਏ ਸਿਲਸਿਲੇ ਨੂੰ ਜੇ 'ਕਥੌਨੀ ਕੀਰਤਨ' ਕਿਹਾ ਜਾਵੇ, ਤਦ ਸ਼ਾਇਦ ਮੁਝੇ ਡਰ ਨਾ ਹੋਵੇ। ਇਸ ਵਿਚ ਰਾਗੀ ਸਿੰਘ ਕੁਝ ਸ਼ਬਦ ਗਾਉਂਦੇ ਹਨ ਤੇ ਫੇਰ ਕੁਝ ਕਥਾ ਵਖਯਾਨ ਕਰਦੇ ਹਨ। ਨਾਲ-ਨਾਲ ਸਾਜ਼ ਛਿੜੇ ਰਹਿੰਦੇ ਹਨ ਤੇ ਨਾਲ ਕਥਨ ਹੁੰਦੇ ਰਹਿੰਦੇ ਹਨ। ਇਸ ਸਿਲਸਿਲੇ ਦਾ ਮੁੱਢ ਭਾਈ ਗੁਰਦਿਤ ਰਬਾਬੀ ਤੋਂ ਹੋਇਆ ਸੀ, ਜੋ ਪਿਛੋਂ ਕੂਕੇ ਹੋ ਕੇ ਗੁਰਦਿਤ ਸਿੰਘ ਬਣ ਗਏ ਸੇ।

ਅਸੀਂ ਨਹੀਂ ਕਹਿੰਦੇ ਕਿ ਕਥਾ ਕੀਰਤਨ ਦਾ ਇਹ ਨਵਾਂ ਤਰੀਕਾ ਨਿਕੰਮਾ ਹੈ, ਕਿਉਂਕਿ ਜੇ ਰਾਗੀ ਗਵੱਯਾ ਅਰ ਕਥਯਾ ਦੋਹਾਂ ਗੱਲਾਂ ਵਿਚ ਸਿਆਣਾ ਹੋਵੇ ਤਦ ਸ੍ਰੋਤਾ ਗਣਾਂ ਤੇ ਅਸਰ ਵੀ ਬੜਾ ਪੈਂਦਾ ਹੈ, ਅਰ ਨੇਕ ਨਿਯਤ ਪ੍ਰਚਾਰ ਕਰਨ ਵਾਲੇ ਰਾਗੀ ਇਸ ਜ਼ਰੀਏ ਨਾਲ ਪ੍ਰਚਾਰ ਦਾ ਕੰਮ ਬਹੁਤ ਚੰਗਾ ਕਰ ਸਕਦੇ ਹਨ। ਪਰ ਇਸ ਨਵੇਂ ਕਥੌਨੀ ਕੀਰਤਨ ਦੇ ਸਿਲਸਿਲੇ ਨੇ ਨਿਰੋਲ ਕੀਰਤਨ ਦੀ ਸਨਾਤਨ ਮਰਿਆਦਾ ਨੂੰ ਨੁਕਸਾਨ ਪਹੁੰਚਾਇਆ ਹੈ। ਹੁਣ ਕੀਰਤਨ ਕਰਨ ਵਾਲੇ ਰਾਗੀ ਘਟ ਲਭਦੇ ਹਨ, ਕੀ ਸਿਆਣੇ ਤੇ ਕੀ ਨਵੇਂ ਸਭ ਇਸ ਢੰਗ ਵਿਚ ਪਈ ਜਾਂਦੇ ਹਨ, ਸਗੋਂ ਕਈ ਇਕ ਵਿਗੜੇ-ਤਿਗੜੇ ਰਬਾਬੀ ਅਰ ਕਈ ਲੁਟੇਰ ਮੁੰਡੇ ਇਸ ਤਰੀਕੇ ਨਾਲ ਖੂਬ ਗੱਫੇ ਖੱਟਦੇ ਹਨ। ਇਹ ਕੀਹ ਕਹਿੰਦੇ ਹਨ? ਕੋਈ ਦੇਖਕੇ ਪੜਤਾਲ ਕਰਨ ਵਾਲਾ ਨਹੀਂ, ਗੁਰਮਤਿ ਦੇ ਉਲਟ ਚਲਦੇ ਹਨ ਕਿ ਕੋਈ ਪਰਖਕੇ ਹੋੜਨ ਵਾਲਾ ਨਹੀਂ, ਇਸ ਲਈ ਇਹ ਐਸਾ ਵਤੀਰਾ ਹੋ ਗਿਆ ਹੈ ਕਿ ਜਿਸ ਨਾਲ ਭਾਰੀ ਹਾਨੀ ਦਾ ਭੈਅ ਹੈ। ਉਧਰ ਇਸ ਵਤੀਰੇ ਨੇ ਇਕ ਹੋਰ ਖੌਫਨਾਕ ਨਤੀਜ਼ਾ ਕਢਿਆ ਹੈ, ਕਿ ਜਿਸ ਤੋਂ ਮਾਲੂਮ ਹੁੰਦਾ ਹੈ ਕਿ ਹੁਣ ਸਿਖ ਕੌਮ ਦਾ

ਟੈਸਟ [ਰਸ] ਕਿਥੇ ਟਿਕ ਰਿਹਾ ਹੈ, ਅਰ ਕੌਮ ਦੀ ਆਤਮਕ ਜ਼ਿੰਦਗੀ ਕਿਥੇ ਹੈ। ਨਿਰੇ ਕੀਰਤਨੀਏ ਦੀ ਹੁਣ ਕਦਰ ਨਹੀਂ ਹੁੰਦੀ। ਜਿਸ ਦੇ ਅਰਥ ਇਹ ਹਨ ਕਿ ਕੇਵਲ ਕੀਰਤਨ ਤੋਂ ਜੋ ਆਤਮਕ ਅਸਰ ਪੈਦਾ ਹੁੰਦਾ ਹੈ ਉਸ ਸੂਖਮ ਪਰ ਉਚੇ ਭਾਵ ਨਾਲ ਮੁਅੱਸਰ ਹੋ ਕੇ ਲਿਵਲੀਨ ਹੋਣ ਦੀ ਅਵਸਥਾ ਵਿਚੋਂ ਸਿਖਾਂ ਦਾ ਫੇਰ ਸਾਰਾ ਹਿਸਾ ਹੇਠਾਂ ਲਹਿ ਗਿਆ ਹੈ, ਕਿਉਂਕਿ ਬਿਨਾਂ ਕਥਨ ਦੇ ਉਹਨਾਂ ਨੂੰ ਕੀਰਤਨ ਦਾ ਰਸ ਨਹੀਂ ਆਉਂਦਾ। ਭਾਵ ਇਹ ਕਿ ਕੌਮ ਦੀ ਪ੍ਰਮਾਰਥਕ ਸਮਝ ਅਰ ਰੂਹਾਨੀ ਅਹਿਸਾਸ ਬਹੁਤ ਮੋਟੇ ਹੋ ਗਏ ਹਨ। ਇਸ ਕਥੋਨੀ ਕੀਰਤਨ ਨੇ ਘੜੀ ਵਾਂਗ ਸਾਨੂ ਸਿਖਾਂ ਦੀ ਗੁਰਬਾਣੀ ਨਾਲ ਵਾਕਫੀਅਤ ਦੇ ਡੂੰਘ ਪਿਆਰ ਦਾ ਦਰਜਾ ਦੱਸ ਦਿਤਾ ਕਿ ਅਗੇ ਕਿਥੇ ਸੀ ਤੇ ਹੁਣ ਕਿਥੇ ਹੈ। ਇਹ ਸਾਡਾ ਅਸਲ ਵਿਚ ਗਿਰਾਉ ਹੈ। ਅਸੀਂ ਜੋ ਕੀਰਤਨ ਨਾਲ ਵਗਦੇ ਪਾਣੀ ਤੇ ਉਡਦੇ ਪੰਛੀ ਰੋਕਦੇ ਸਾਂ, ਅਰਥਾਤ ਜਿਹਨਾਂ ਦੇ ਰਾਗ ਦਾ ਤਾਸੀਰ ਆਦਮੀਆਂ ਪਰ ਤਾਂ ਕਿਆ ਪੰਛੀਆਂ ਤੇ ਜੜ੍ਹ ਵਸਤਾਂ ਪਰ ਵੀ ਹੁੰਦੀ ਸੀ, ਅਰ ਮੁਸਲਮਾਨਾਂ ਤਕ ਗਆਹੀ ਦੇਂਦੇ ਹਨ, ਉਹ ਲੋਪ ਹੋ ਰਹੀ ਹੈ। ਅਜ ਸਾਡੀ ਆਪਣੀ ਆਤਮਕ ਜ਼ਿੰਦਗੀ ਇਤਨੀ ਸਥੂਲ ਅਰ ਮੋਟੀ ਹੋ ਗਈ ਹੈ ਕਿ ਸਾਨੂੰ ਬਾਝ ਕਥਨ ਦੇ ਕੀਰਤਨ ਦਾ ਰਸ ਹੀ ਨਹੀਂ ਆਉਂਦਾ। ਕੀ ਗਾਈ ਜਾਣ ਵਾਲੀ ਬਾਣੀ ਵਿਚ ਕਾਫੀ ਕਥਨ ਮਹਾਰਾਜ ਜੀ ਨੇ ਨਹੀਂ ਕੀਤਾ ਹੋਇਆ ? ਯਾ ਕੀ ਰਾਗ ਵਿਚ ਵਾਹਿਗੁਰੂ ਦੇ ਯਸ਼ ਨਾਲ ਮਿਲਕੇ ਵੈਰਾਗ ਤੇ ਇਕਾਗ੍ਰਤਾ ਪੈਦਾ ਕਰਨ ਦੀ ਸ਼ਕਤੀ ਨਹੀਂ ਰਹੀ ? ਨਹੀਂ, ਨਹੀਂ, ਅਸੀਂ ਹੀ ਠੱਲੀ ਸਮਝ ਵਾਲੇ ਹੋ ਗਏ ਹਾਂ।

[ਅਮਰ ਲੇਖ ਵਿਚੋਂ]

# ਰਾਗਾਂ ਦਾ ਸਮਾਂ

-ਗਿ. ਆਵਤ ਸਿੰਘ

| ਸਵੇਰੇ | | ਰਾਤ | |
|---|---|---|---|
| ਦਿਨ ਦਾ ਪਹਿਲਾ ਪਹਿਰ | 6 ਤੋਂ 9 | ਰਾਤ ਦਾ ਪਹਿਲਾ ਪਹਿਰ | 6 ਤੋਂ 9 |
| ਦਿਨ ਦਾ ਦੂਜਾ ਪਹਿਰ | 9 ਤੋਂ 12 | ਰਾਤ ਦਾ ਦੂਜਾ ਪਹਿਰ | 9 ਤੋਂ 12 |
| ਦਿਨ ਦਾ ਤੀਜਾ ਪਹਿਰ | 12 ਤੋਂ 3 | ਰਾਤ ਦਾ ਤੀਜਾ ਪਹਿਰ | 12 ਤੋਂ 3 |
| ਦਿਨ ਦਾ ਚੌਥਾ ਪਹਿਰ | 3 ਤੋਂ 6 | ਰਾਤ ਦਾ ਚੌਥਾ ਪਹਿਰ | 3 ਤੋਂ 6 |

| | |
|---|---|
| ਦੁਪਹਿਰ ਦਾ ਸਮਾਂ | ਵਡਹੰਸ । |
| ਦਿਨ ਦਾ ਪਹਿਲਾ ਪਹਿਰ | ਰਾਮਕਲੀ, ਪ੍ਰਭਾਤੀ । |
| ਦਿਨ ਦਾ ਦੂਸਰਾ ਪਹਿਰ | ਗੂਜਰੀ, ਦੇਵਗੰਧਾਰੀ, ਟੋਡੀ, ਸੂਹੀ, ਬਿਲਾਵਲ, ਗੋਂਡ, ਬਸੰਤ (ਬਸੰਤ ਰੁਤ ਵਿਚ ਕਿਸੇ ਸਮੇਂ ਵੀ) । |
| ਦਿਨ ਦਾ ਤੀਸਰਾ ਪਹਿਰ | ਧਨਾਸਰੀ, ਤਿਲੰਗ, ਮਾਰੂ, ਸਾਰੰਗ, ਜੈਤਸਰੀ, ਬੈਰਾੜੀ, ਮਾਲੀਗਉੜਾ, ਤੁਖਾਰੀ । |
| ਰਾਤ ਦਾ ਪਹਿਲਾ ਪਹਿਰ | ਮਾਝ, ਗਉੜੀ, ਕੇਦਾਰਾ, ਕਲਿਆਣ । |
| ਰਾਤ ਦਾ ਦੂਜਾ ਪਹਿਰ | ਬਿਹਾਗੜਾ, ਸੋਰਠਿ, ਨਟ ਨਾਰਾਇਣ, ਕਾਨੜਾ, ਜੈਜਾਵੰਤੀ । |
| ਰਾਤ ਦਾ ਤੀਜਾ ਪਹਿਰ | ਮਲਾਰ (ਬਰਸਾਤ ਵਿਚ ਹਰ ਸਮੇਂ) । |
| ਸੰਧੀ ਪ੍ਰਕਾਸ਼ ਦਿਨ | ਭੈਰਉ । |
| ਸੰਧੀ ਪ੍ਰਕਾਸ਼ ਸ਼ਾਮ | ਸਿਰੀਰਾਗ । |
| ਸੰਧੀ ਪ੍ਰਕਾਸ਼ ਸਵੇਰੇ, ਸ਼ਾਮ | ਰਾਗ ਆਸਾ । |

# ਰਾਗ ਕੀ ਹੈ ?

ਬੇਦੀ, ਲਾਲ ਸਿਘ, ਸਾਹਿਤਕਾਰ,
ਸੰਪਾਦਕ, "ਨਿਰਗੁਣੀਆਰਾ"

ਰਾਗ, ਸ਼ਬਦ ਸੰਸਕ੍ਰਿਤ ਦੇ ਸ਼ਬਦ "ਰੰਜ ਤੋਂ" ਬਣਿਆ ਹੈ। ਜਿਸ ਦੀ ਸੰਗਿਆ, "ਰੰਜਨ' ਹੈ। ਭਾਵ ਅਰਥ ਰੰਗਣਾ ਅਤੇ ਰੰਗ।

2. ਵਰਣਨ ਕਰਨਾ।

3. ਪ੍ਰੀਤਿ, ਅਨੁਰਾਗ, ਪ੍ਰੇਮ।

4. ਕਰੋਧ, ਅਥਵਾ ਗੁੱਸਾ।

5. ਰਾਜਾ। 6. ਚੰਦਰਮਾਂ 7. ਸੂਰਜ।

8. ਕਵਚ, ਸੰਜੋਅ।

ਜਥਾ :

"ਕਹੂੰ ਟੋਪ ਟੂਟੇ, ਕਹੂੰ ਰਾਗ ਭਾਗੇ।"

(ਚਰਿਤ੍ਰ : 120)

9. ਲੋਹੇ ਦੀਆਂ ਕੜੀਆਂ ਦਾ ਬਣਿਆ ਹੋਇਆ, ਹੱਥ ਦਾ ਰੱਛਕ, ਦਸਤਾਨਾ।

ਯਥਾ :

"ਚਿਲਤਰ ਰਾਗ ਸੰਜੋਅ ਡਾਰੇ।"

(ਪਾਰਸਵ)

10. ਸ਼ਿੰਗਾਰ, ਸਜਾਵਟ।

11. ਸੰਗੀਤ ਵਿਦਿਆ ਅਨੁਸਾਰ ਸੁਰ ਪ੍ਰਬੰਧ, ਜਿਸ ਦੇ ਸ੍ਰਵਨ ਤੋਂ ਮਨ ਵਿੱਚ ਪ੍ਰੇਮ (ਰਾਗ) ਉਪਜੇ :

ਰਾਗ ਦੇ ਇਹ ਮੂਲ ਸੁਰ ਹਨ :

| | | | |
|---|---|---|---|
| 1) | ਖੜਜ ਜਾਂ ਸ਼ੜਜ, | ਦਾ ਸੰਖੇਪ ਨਾਮ : | ਸਾ |
| 2) | ਰਿਖਭ | ,, | ਰੇ |
| 3) | ਗੰਧਾਰ | ,, | ਗਾ |
| 4) | ਮੱਧਮ | ,, | ਮਾ |
| 5) | ਪੰਚਮ | ,, | ਪਾ |
| 6) | ਧੈਵਤ | ,, | ਧਾ |
| 7) | ਨਿਖਾਦ | ,, | ਨੀ |

ਇਹ ਸੱਤ ਸੁਰ ਹਨ :

"ਰਾਗ ਨਾਦ ਸਬਦ ਸੋਹਣੇ।"

(ਮ: 3 ਵਾਰ ਬਿਲਾਂਵਲ)

ਮਤ ਭੇਦ ਅਤੇ ਦੇਸ ਭੇਦ ਕਰਕੇ ਰਾਗਾਂ ਦੇ ਅਨੰਤ ਭੇਦ ਅਤੇ ਰੂਪ ਹਨ। ਕਿਤਨਿਆਂ ਨੇ, ਭੈਰਵ, ਮਲਾਰ, ਸ੍ਰੀ ਰਾਗ, ਬਸੰਤ, ਹਿੰਡੋਲ ਅਤੇ ਦੀਪਕ, ਛੇ ਪ੍ਰਧਾਨ ਰਾਗ ਮੰਨੇ ਹਨ, ਕਈ ਗਰੰਥ ਲਿਖਦੇ ਹਨ ਕਿ ਇਹ ਛੇ ਰਾਗ ਹਨ :

1. ਮਾਲਵ, 2. ਮਲਾਰ, 3. ਸ੍ਰੀ ਰਾਗ, 4. ਬਸੰਤ, 5. ਹਿੰਡੋਲ, 6. ਕਰਨਾਟ ਅਤੇ ਕਈ ਲਿਖਦੇ ਹਨ :

ਕੌਸ਼ਕ, ਹਿੰਡੋਲ, ਦੀਪਕ, ਸ੍ਰੀ ਰਾਗ, ਅਤੇ ਮੇਘ ਆਦਿਕ। ਪਰ ਹਨੂੰਮਾਨ ਮਤ ਅਨੁਸਾਰ ਇਹਨਾਂ ਦਾ ਕਰਮ ਹੈ :

1. ਸ੍ਰੀ ਰਾਗ, 2. ਭੈਰਉ 3. ਮੇਘ 4. ਦੀਪਕ 5. ਮਾਲਕੌਂਸ 6. ਹਿੰਡੋਲ

ਵਿਦਵਾਨਾਂ ਨੇ ਰਾਗਾਂ ਦੇ ਮੁਖ ਭੇਦ ਤਿੰਨ ਮੰਨੇ ਹਨ :

| | | |
|---|---|---|
| 1) | "ਔੜਵ" | ਪੰਜ ਸੁਰਾਂ ਵਾਲਾ ਰਾਗ। |
| 2) | "ਖਾੜਵ" | ਛੇ ਸੁਰਾਂ ਵਾਲਾ ਰਾਗ। |
| 3) | "ਸੰਪੂਰਨ" | ਸਤ ਸੁਰਾਂ ਦੇ ਰਾਗ ਨੂੰ ਕਹਿੰਦੇ ਹਨ। |

ਇਹਨਾਂ ਦੇ ਸਮੇਂ ਭੇਦ ਜਾਨਣ ਲਈ ਬਾਣੀ ਬਿਉਰਾ, ਕਰਤਾ ਡਾਕਟਰ, ਚਰਨ ਸਿੰਘ ਜੀ ਦੀ ਪੁਸਤਕ ਵਿਚੋਂ ਪੜ੍ਹੋ।

ਪਰ ਸੰਗੀਤ ਸਾਸਤ੍ਰ ਨੇ ਤਿੰਨ ਭੇਦ, 1. ਸੁਧ 2. ਛਾਇਆਲਗ ਅਤੇ 3. ਸੰਕੀਰਨ ਭੀ ਥਾਪੇ ਹਨ।

(ੳ) ਮੁਢ ਤੋਂ ਥਾਪੇ ਹੋਇ ਸੁਰ, ਜਿੰਨਾ ਰਾਗਾਂ ਨੂੰ ਲਗਦੇ ਹਨ, ਅਰ ਜਿੰਨਾ ਦੀ ਸ਼ਕਲ ਵਿਚ ਕੁਝ ਹੇਰ-ਫੇਰ ਨਹੀਂ ਹੋਇਆ, ਉਹ **ਸੁਧ ਰਾਗ** ਮੰਨੇ ਜਾਂਦੇ ਹਨ।
(ਅ) ਰਾਗਾਂ ਦੇ ਸਰੂਪ ਦੀ ਕੁਝ ਝਲਕ, ਜਿਨ੍ਹਾਂ ਰਾਗਾਂ ਵਿਚ ਪਾਈ ਜਾਂਦੀ ਹੈ, ਉਹ ਉਹ **ਛਾਇਆਲਗ** ਹੁੰਦੇ ਹਨ।

(ੲ) ਰਾਗਾਂ ਦੇ ਬਹੁਤ ਸੁਰ, ਅਰ ਛਾਇਆਲਗ ਰਾਗਾਂ ਦੇ ਆਪੇ ਵਿਚ ਹੀ ਮਿਲਣ ਤੋਂ, ਜੋ ਭੇਦ ਬਣ ਗਏ ਹਨ, ਉਹਨਾਂ ਨੂੰ **ਸੰਕੀਰਨ** ਆਖਦੇ ਹਨ।

ਕਈ ਸੰਗੀਤ ਗਰੰਥਾਂ ਵਿਚ ਦੋ ਹੀ ਭੇਦ ਲਿਖੇ ਹਨ :

1. "ਮਾਰਗੀ" 2. "ਦੇਸੀ"

ਰਿਸ਼ੀਆ ਦੇ ਦਸੇ ਮਾਰਗ ਅਨੁਸਾਰ, ਜੋ ਗਾਏ ਜਾਂਦੇ ਹਨ, ਉਹ "ਮਾਰਗੀ" ਹਨ। ਦੇਸ ਕਾਲ ਅਤੇ ਮਤਭਦ ਕਾਰਨ, ਜੋ ਬਣ ਗਏ ਹਨ, ਉਹ "ਦੇਸੀ" ਕਹੀਦੇ ਹਨ।

(ਮਹਾਨ ਕੋਸ਼, ਪੰਨਾ 1027)

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਇਕੱਤੀ ਰਾਗ ਲਿਖੇ ਹਨ :

1. ਸ੍ਰੀ ਰਾਗ, 2. ਮਾਝ, 3. ਗਉੜੀ, 4 ਆਸਾ, 5. ਗੂਜਰੀ 6. ਦੇਵ ਗੰਧਾਰੀ, 7. ਬਿਹਾਗੜਾ 8. ਵਡਹੰਸ, 9. ਸੋਰਠਿ, 10. ਧਨਾਸਰੀ, 11. ਜੈਤਸਰੀ 12. ਟੋਡੀ 13. ਬੈਰਾੜੀ, 14. ਤਿਲੰਗ, 15. ਸੂਹੀ, 16. ਬਿਲਾਵਲ, 17. ਗੌਂਡ, 18. ਰਾਮਕਲੀ, 19. ਨੱਟ, 20. ਮਾਲੀ ਗੌੜਾ 21. ਮਾਰੂ, 22. ਤੁਖਾਰੀ, 23. ਕੇਦਾਰਾ, 24. ਭੈਰਉ,

25. ਬਸੰਤ, 26. ਸਾਰੰਗ, 27. ਮਲਾਰ, 28. ਕਾਨੜਾ, 29. ਕਲਿਆਨ, 30. ਪ੍ਰਭਾਤੀ ਅਤੇ 31. ਜੈਜਾਵੰਤੀ ।

ਅਸੀਂ ਗੁਰਮਤਿ ਵਿੱਚ ਰਾਗ ਨਾਲ ਮਿਲਿਆ ਕਰਤਾਰ ਦਾ ਕੀਰਤਨ ਧਰਮ ਦਾ ਅੰਗ ਮੰਨਦੇ ਹਾਂ । ਯਥਾ :

"ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨ, ਰਾਗ ਰਤਨ ਰਸਨਾ ਅਲਾਪ ।"

(ਬਿਲਾਵਲ ਮਹਲਾ, 5)

ਕੀਰਤਨ ਦੀ ਰੀਤ ਸ੍ਰੀ ਗੁਰੂ ਅਰਜਨ ਦੇਵ ਜੀ, ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ, ਇਸ ਪ੍ਰਕਾਰ ਪ੍ਰਚੱਲਤ ਕੀਤੀ ਅਤੇ ਨਾਮ ਚਾਰ ਚੌਕੀਆ ਰਖਿਆ ।

1. ਅੰਮ੍ਰਿਤ ਵੇਲ, "ਆਸਾ ਦੀ ਵਾਰ ਦੀ ਚੌਕੀ ।
2. ਸਵਾ ਪਹਿਰ ਦਿਨ ਚੜ੍ਹੇ, "ਚਰਨ ਕੰਵਲ ਦੀ ਚੌਂਕੀ"

"ਚਰਨ ਕੰਵਲ ਪ੍ਰਭ ਕੇ ਨਿਤ ਧਿਆਏ" ਸਬਦ ਗਾਏ ਤੋਂ ਇਹ ਸੰਗਿਆ ਹੈ ।

3. ਸੌਣ ਵੇਲੇ, ਰਹਿਰਾਸ ਤੋਂ ਪਹਿਲਾਂ "ਸੋ ਦਰੁ ਦੀ ਚੌਂਕੀ"

"ਸੋ ਦਰ ਕੇਹਾ, ਸੋ ਘਰ ਕੇਹਾ, "ਸ਼ਬਦ ਗਾਇ ਜਾਣ ਕਰਕ ਇਹ ਸੰਗਿਆ ਹੈ ।

4. ਚਾਰ ਘੜੀ ਰਾਤ ਬੀਤਨ ਪੁਰ, "ਕਲਿਆਨ ਦੀ ਚੌਂਕੀ"

ਇਸ ਵਿਚ ਕਲਿਆਨ ਰਾਗ ਦੇ ਸ਼ਬਦ ਗਾਏ ਜਾਂਦੇ ਹਨ ।

(ਮਹਾਨ ਕੋਸ ਪੰਨਾ, 463)

ਹਰਿਮੰਦਰ ਸਾਹਿਬ ਵਿਚ ਅਜ ਵੀ, ਉਪਰੋਕਤ ਚਾਰ ਚੌਕੀਆਂ ਰਾਹੀਂ ਕੀਰਤਨ ਹੋ ਰਿਹਾ ਹੈ ।

ਮੰਦਰਾਂ ਤੇ ਮਸੀਤਾਂ, ਰਬ ਦੇ ਨਾਮ ਦੀ ਉਸਤਤਿ ਤੇ ਰੱਬੀ ਕਲਾਮ ਦੀਆਂ ਸਿੱਖਿਆਵਾਂ ਤੇ ਕੀਰਤਨ ਜੋ ਮੰਡਲੀਆਂ ਭਜਨ ਦੇ ਰੂਪ ਵਿਚ ਗਾਇਨ ਕਰਦੀਆਂ ਹਨ, ਉਹ ਕੇਵਲ ਮੁਸਲਮਾਨੀ, ਅਤੇ ਹਿੰਦੂਆਂ ਦੇ ਮੰਦਰਾਂ ਦੇ, ਇੱਕ ਬੂਹੇ ਰਾਹੀਂ ਸੰਗਤਾ ਨੂੰ ਸੁਣਾਇਆ ਜਾਂਦਾ ਹੈ ।

ਧਰ ਬੜੇ ਫਖਰ ਤੇ ਮਾਣ ਦੀ ਗਲ ਹੈ, ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਹੋਂਦ ਸਮੇਂ ਚਾਰ ਬੂਹੇ, ਹਰਿਮੰਦਰ ਸਾਹਿਬ ਦੇ ਰਖ ਕੇ ਇਹ ਗੱਲ ਸਪਸ਼ਟ ਕੀਤੀ ਹੋਈ ਹੈ ਕਿ, ਹਰੀ ਦਾ ਕੀਰਤਨ ਕੇਵਲ ਇਕ ਹੀ ਬੂਹੇ ਰਾਹੀਂ ਨਹੀਂ, ਸਗੋਂ ਸਾਰਿਆਂ ਹੀ ਬੂਹਿਆਂ ਰਾਂਹੀ, ਭਾਵ ਚੌਹਾਂ ਦਿਸਾਂ ਵਿੱਚ ਚਾਰ ਬੂਹਿਆਂ ਰਾਂਹੀ ਪਸਾਰਿਆ ਜਾਂਦਾ ਹੈ । ਆਪ ਜੀ ਨੇ ਫੁਰਮਾਇਆ ਕਿ ਇਹ ਕੀਰਤਨ, ਸਾਰਿਆਂ ਲਈ ਭਾਵ, ਸਾਰੀ ਲੋਕਾਈ ਹਿੱਤ ਹੈ । ਇਸ ਨੂੰ ਸੁਨਾਉਣ ਅਤੇ ਸੁਨਣ ਤੇ ਕੋਈ ਪਾਬੰਦੀ ਨਹੀਂ । ਸਗੋਂ ਸਾਰੀ ਲੋਕਾਈ ਲਈ ਸਾਂਝਾ ਹੈ ।

ਹਰਿਮੰਦਰ ਸਾਹਿਬ ਵਿਖੇ, ਸਭ ਤੋਂ ਪਹਿਲਾ, ਤੰਤੀ ਸਾਜਾਂ ਨਾਲ ਹਜ਼ੂਰ ਨੇ ਖੁਦ, ਸਰੰਦੇ ਨਾਲ ਕੀਰਤਨ ਅਰੰਭਿਆ ਸੀ । ਦੂਸਰੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਹਰਿਮੰਦਰ ਸਾਹਿਬ ਵਿਖੇ, ਕੀਰਤਨ, ਤੰਤੀ ਸਾਜਾਂ ਨਾਲ ਕਰਨ ਦਾ ਮਤਾ ਪਾਸ ਕੀਤਾ

ਸੀ। ਪਰ ਅਜੇ ਤਕ ਉਸ ਮਤੇ ਤੇ ਕੋਈ ਅਮਲ ਨਹੀਂ ਹੋਇਆ, ਜਦ ਕਿ ਪੁਰਾਤਨ ਗਰੰਥ ਇਸ ਗਲ ਦੀ ਪੁਸ਼ਟੀ ਕਰਦੇ ਹਨ ਕਿ ਸ੍ਰੀ ਹਰਿਮੰਦਰ ਸਹਿਬ ਵਿੱਚ ਤੰਤੀ ਸਾਜ਼ਾਂ ਨਾਲ ਹੀ ਕੀਰਤਨ ਕਰਨ ਦੀ ਮਰਿਯਾਦਾਂ ਸੀ। ਅਜ ਤਾਂ ਹਰਮੋਨੀਅਮ ਵਾਜੇ ਦਾ ਹੀ ਬੋਲ-ਬਾਲਾ ਹੈ। ਜੋ ਹਰ ਥਾਂ ਤੇ ਹਰਮੋਨੀਅਮ ਵਾਜੇ ਨਾਲ ਹੀ ਕੀਰਤਨ ਹੋ ਰਿਹਾ ਹੈ।

ਅਜ ਕੇਵਲ ਤੰਤੀ ਸਾਜਾਂ ਦੀ ਪ੍ਰੰਪਰਾ, "ਨਾਮਧਾਰੀ ਸੰਪ੍ਰਦਾ" ਵਿੱਚ ਪਹਿਲੇ ਵਾਂਕੁਰ ਹੀ ਪ੍ਰਚੱਲਤ ਹੈ। ਇਸ ਸੰਪ੍ਰਦਾ ਨੇ ਤੰਤੀ ਸਾਜ਼ਾਂ ਵਿੱਚ ਕੀਰਤਨ ਦੀ ਪ੍ਰੰਪਰਾ ਨੂੰ ਸੁਰਜੀਤ ਰਖਿਆ ਹੈ। ਗੁਰਮਤਿ ਦੇ ਨਿਯਮਾਂ ਦੇ ਆਧਾਰ ਤੇ ਸ੍ਰੋਮਣੀ ਕਮੇਟੀ ਨੂੰ ਇਸ ਪੁਰਾਤਨ ਪ੍ਰੰਪਰਾ, ਭਾਵ ਤੰਤੀ ਸਾਜ਼ਾਂ ਦਾ ਕੀਰਤਨ ਮੁੜ ਹਰਿਮੰਦਰ ਸਾਹਿਬ ਵਿਖੇ ਪ੍ਰਚੱਲਤ ਕਰਨਾ ਚਾਹੀਦਾ ਹੈ। ਤੰਤੀ ਸਾਜ਼ਾਂ ਦਾ ਰਵਾਜ ਅੱਜ ਵੀ ਪੂਰਨ ਰੂਪ ਵਿੱਚ ਪ੍ਰਚੱਲਤ ਹੈ। ਮੰਦਰਾਂ ਤੇ ਗਿਰਜਿਆਂ ਵਿੱਚ ਭਜਨ ਤੰਤੀ ਸਾਜਾਂ ਨਾਲ ਗਾਇਨ ਕੀਤੇ ਜਾਂਦੇ ਹਨ। ਇਸ ਲਈ ਹਰਿਮੰਦਰ ਸਾਹਿਬ ਵਿੱਚ ਵੀ ਅੱਜ ਤੰਤੀ ਸਾਜਾਂ ਨਾਲ ਹੀ ਕੀਰਤਨ ਹੋਣਾ ਚਾਹੀਦਾ ਹੈ।

ਇਸਗੱਲ ਤੇ ਵੀ ਜ਼ੋਰ ਦੇਣਾ ਚਾਹੀਦਾ ਹੈ ਕਿ ਗੁਰਦਵਾਰਿਆਂ ਵਿਚ ਕੀਰਤਨ ਗੁਰਬਾਣੀ ਦੇ ਲਿਖੇ ਰਾਗਾਂ ਵਿਚ ਹੀ, ਭਾਵ ਨਿਰਧਾਰਤ ਰਾਗਾਂ ਵਿਚ ਹੀ ਹੋਣਾ ਚਾਹੀਦਾ ਹੈ। ਸ਼ਬਦਾਂ ਦੀਆਂ ਆਪਣੀ ਮਰਜ਼ੀ ਨਾਲ ਧੁੰਨਾਂ ਬਣਾ ਕੇ ਕੀਰਤਨ ਕਰਨਾ ਯੋਗ ਨਹੀਂ, ਸਗੋਂ ਮਨ ਮਤ ਹੈ। ਗੁਰਦਵਾਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਮੁਖ ਫਰਜ਼ ਹੈ ਕਿ ਉਹ ਰਾਗੀਆਂ ਨੂੰ ਕਹਿਣ, ਕਿ "ਜਿਸ ਰਾਗ ਵਿਚ ਬਾਣੀ ਰਚੀ ਹੋਈ ਹੈ, ਉਸ ਰਾਗ ਵਿਚ ਵਿਚ ਹੀ ਇਸ ਨੂੰ ਗਾਇਆ ਜਾਏ।" ਫਿਲਮੀ ਟਿਯੂਨਾਂ [ਤਰਜ਼ਾਂ] ਵਲੋਂ ਰਾਗੀ ਸਿੰਘ, ਆਪਣਾ ਫਿਰ ਰੁਖ ਮੋੜ ਲੈਣਗੇ। ਅਸਲ ਰਾਗ ਨੂੰ ਤਿਆਗ ਕੇ ਆਪਣੀ ਮਰਜ਼ੀ ਦੀਆਂ ਫਿਲਮੀ ਧੁਨਾਂ ਵਿਚ ਸ਼ਬਦ ਨੂੰ ਗਾਇਨ ਕਰਨਾ ਗੁਰਬਾਣੀ ਦੇ ਲਿਖੇ ਰਾਗ ਦੀ ਤੌਹੀਨ ਹੈ। ਅਜ ਦੇ ਰਾਗੀ ਆਪਣੇ ਵਲੋਂ, ਲੋਕਾਂ ਦੀ ਵਾਹ-ਵਾਹ ਪ੍ਰਾਪਤ ਕਰਨ ਹਿਤ ਗੁਰਬਾਣੀ ਦੇ ਰਾਗਾਂ ਦੀ, "ਟੇਕ" ਦੀ ਥਾਂ ਤੇ ਫਿਲਮੀ ਟਿਯੂਨਾਂ ਤੇ ਬਾਣੀ ਗਾਇਨ ਕਰਦੇ ਹਨ। ਇਸ ਤੇ ਪੂਰੀ ਪਾਬੰਦੀ ਹੋਣੀ ਚਾਹੀਦੀ ਹੈ। ਜਦ ਹਜ਼ੂਰ ਨੇ, ਹਰ ਸ਼ਬਦ ਦਾ ਰਾਗ ਲਿਖਿਆ ਹੈ, ਤਾਂ ਫਿਰ ਉਸ ਨੂੰ ਛਿੱਕੇ ਟੰਗ ਕੇ ਮਨ ਮਰਜ਼ੀ ਵਿਚ ਸ਼ਬਦ ਕਿਉਂ ਗਾਇਆ ਜਾਏ? ਜੋ ਰਾਗੀ ਲਿਖੇ ਰਾਗ ਵਿਚ ਕੀਰਤਨ ਨਹੀਂ ਕਰਦਾ, ਉਸ ਤੋਂ ਸੰਗਤਾਂ ਕੀਰਤਨ ਕਰਵਾਉਣਾ ਬੰਦ ਕਰ ਦੇਣ। ਇਸ ਤਰ੍ਹਾਂ ਉਹ ਆਪੇ ਹੀ ਲਿਖੇ ਰਾਗਾਂ ਵਿਚ ਕੀਰਤਨ ਕਰਨ ਲਗ ਪਵੇਗਾ। ਇਹ ਸੰਗਤਾਂ ਦੀ ਵੀ ਕਮਜ਼ੋਰੀ ਹੈ, ਕਿ ਸੰਗਤਾਂ ਅਜਿਹੇ ਰਾਗੀਆਂ ਨੂੰ ਟੋਕ ਦਿਆ ਕਰਨ। ਗੁਰਮਤਿ ਦਾ ਇਹ ਪ੍ਰਮਾਣੀਕ ਸਿਧਾਂਤ ਹੈ, ਕਿ ਬਾਣੀ ਲਿਖੇ ਰਾਗਾਂ ਵਿਚ ਗਾਈ ਜਾਵੇ। ਅਜ ਕਈ ਰਾਗੀ ਸ਼ਬਦ ਵਿਚੋਂ, ਟੇਕ ਲੈਣ ਦੀ ਥਾਂ ਤੇ ਆਪਣੇ ਕੋਲੋਂ ਹੀ ਟੇਕ ਬਣਾ ਕੇ ਸ਼ਬਦ ਗਾਇਨ ਕਰਦੇ ਹਨ। ਅਸੀਂ ਪੁਰ ਜ਼ੋਰ ਸ਼ਬਦਾਂ ਨਾਲ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ, ਰਾਗੀ ਸੱਜਣ ਹੁਣ ਤੋਂ ਹੀ ਇਹ ਯਤਨ ਕਰਨ ਕਿ ਉਹ ਜਿਹੜਾ ਸ਼ਬਦ ਗਾਇਨ ਕਰਨਾ ਲੋਚਦੇ ਹਨ, ਉਹ ਉਸੇ ਹੀ ਰਾਗ ਵਿਚ

ਗਾਇਨ ਕਰਨ ਦੀ ਕ੍ਰਿਪਾਲਤਾ ਕਰਨ। ਜਿਸ ਰਾਗ ਵਿਚ ਗੁਰੂ ਸਾਹਿਬ ਜੀ ਨੇ ਸ਼ਬਦ ਉਚਾਰਿਆ ਹੋਇਆ ਹੈ। ਕਿਉਂਕਿ ਰਾਗ ਦੀ ਗੁਰਬਾਣੀ ਵਿਚ ਇਕ ਵਿਸ਼ੇਸ਼ ਮਹਾਨਤਾ ਹੈ।

ਪਹਿਲਾਂ ਇਸਲਾਮ ਮਤ ਵਿਚ ਰਾਗ, ਸ਼ਰ੍ਹਾ ਦੇ ਵਿਰੁਧ ਮੰਨਿਆ ਜਾਂਦਾ ਸੀ। ਨਾਫੀ ਲਿਖਦਾ ਹੈ ਕਿ ਮੈਂ ਇਕ ਵਾਰ ਇਮਾਮਾ ਉਮਰ ਦੇ ਨਾਲ ਜਾ ਰਿਹਾ ਸਾਂ, ਕਿ ਰਾਗ ਦੀ ਆਵਾਜ਼ ਆਈ ਤੇ ਓਹਨਾਂ ਨੇ, ਝੱਟ ਕੰਨਾਂ ਵਿਚ ਉਂਗਲਾਂ ਦੇ ਲਈਆਂ। ਪੁਛਣ ਪੁਰ ਮੈਨੂੰ ਦੱਸਿਆ, ਕਿ ਮੈਂ ਇਕ ਵੇਰ, ਹਜਰਤ ਮਹੰਮਦ ਨਾਲ ਜਾ ਰਿਹਾ ਸਾਂ, ਤਾਂ ਏਸੇ ਤਰ੍ਹਾਂ ਰਾਗ ਦੀ ਆਵਾਜ਼ ਆਉਣ ਪੁਰ, ਉਹਨਾਂ ਨੇ ਕੰਨ ਬੰਦ ਕਰ ਲਏ ਸਨ।

[ਦੇਖੋ 'ਮਿਸ਼ਕਾਤ']

ਅੱਜ ਮੁਸਲਮਾਨਾਂ ਵਿਚ ਵੀ ਰਾਗਾਂ ਵਿਚ ਹੀ ਕਵਾਲੀਆਂ, ਨਾਅਤਾਂ, ਨਗਮੇ, ਗ਼ਜ਼ਲਾਂ ਅਤੇ ਸੂਫੀਆਂ ਫਕੀਰਾਂ ਦੇ ਕਲਾਮ ਗਾਏ ਜਾਂਦੇ ਹਨ, ਸੱਚ ਤਾਂ ਇਹ ਹੈ ਕਿ ਬਾਂਗ ਦੀ ਇੱਕ ਮਿੱਠੀ ਸੁਰ ਵਿਚ ਦਿਤੀ ਜਾਂਦੀ ਹੈ। ਜੋ ਰਾਗ ਦਾ ਹੀ ਰੂਪ ਰਖਦੀ ਹੈ। ਪਰ ਯਹੂਦੀਆਂ ਅਤੇ ਇਸਾਈਆਂ ਵਿਚ, ਰਾਗ ਦੇ ਨਿਸ਼ੇਧ ਨਹੀਂ, ਸਗੋਂ ਰਾਗ ਨੂੰ ਭਗਤੀ ਤੇ ਕਿਰਤ ਦਾ ਅੰਗ ਮੰਨਦੇ ਹਨ। ਰਾਗ ਕੋਈ ਬੁਰੀ ਹੈਸੀਅਤ ਨਹੀਂ ਰਖਦਾ, ਸਗੋਂ ਰਾਗ ਮਨ ਦੀਆਂ ਬੁਰੇ ਪਾਸੇ ਵਲ ਲੱਗੀਆਂ ਬਿਰਤੀਆਂ ਰੱਬੀ ਕਲਾਮ ਦੇ ਗਾਉਣ ਨਾਲ ਚੰਗੇ ਪਾਸੇ ਜੋੜਦਾ ਹੈ। ਰਾਗ ਖੁਦ ਇਕ ਪਵਿੱਤਰ ਰੂਪ ਰਖਦਾ ਹੈ। ਕੁਝ ਕੁ ਅੱਯਾਸ਼ ਲੋਕ ਇਸ ਦੀ ਗਲਤ ਵਰਤੋਂ ਕਰਕੇ ਇਸਨੂੰ ਬਦਨਾਮ ਕਰਦੇ ਹਨ। ਪ੍ਰੰਤੂ ਰਾਗ ਜੀਵ ਦਾ ਮਨੋਰੰਜਨ ਕਰਦਾ ਹੈ।

[ਮਹਾਨ ਕੋਸ਼ ਪੰਨਾ 1027]

ਰਾਗ ਅਜਿਹਾ ਰੂਪ ਰਖਦਾ ਹੈ, ਕਿ ਇਸਦੇ ਰੂਪ ਨੂੰ ਸੁਣਕੇ, ਜਹਿਰੀਲਾ ਸਰਪ ਮਸਤੀ ਵਿਚ ਆ ਕੇ, ਆਪਣਾ ਆਪ ਵੀ ਗੰਵਾ ਲੈਂਦਾ ਹੈ ਤੇ ਮਦਾਰੀ ਦੀ ਪਟਾਰੀ ਵਿਚ ਕੈਦ ਹੋ ਜਾਂਦਾ ਹੈ, ਤੇ ਹਰਨ ਰਾਗ ਤੇ ਅਜਿਹਾ ਮਸਤ ਹੁੰਦਾ ਹੈ ਕਿ ਸ਼ਿਕਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਰਾਂਝੇ ਦੀ ਵੰਝਲੀ, ਤੇ ਸ੍ਰੀ ਕ੍ਰਿਸਨ ਜੀ ਦੀ ਬੰਸਰੀ ਤੇ ਕਰਮਵਾਰ ਮੱਝਾਂ ਤੇ ਗਾਈਆਂ ਸਦਾ ਮਸਤੀ ਵਿੱਚ ਉਹਨਾਂ ਦੇ ਪਿੱਛੇ ਪਿੱਛੇ ਚਲਦੀਆਂ ਸਨ। ਅਸਲ ਵਿਚ ਰਾਗ ਕੀ ਹੈ ? ਉੱਤਰ, ਸਪਸ਼ਟ ਹੈ ਕਿ ਰਾਗ ਇਕ ਸੂਖਮ ਕਲਾ ਦਾ ਜਾਦੂ ਹੈ। ਬਾਣੀ ਨਾਲ ਰਾਗ, ਜਿਥੇ ਜੀਵਨ ਨੂੰ ਗੁਰੂ ਚਰਨਾਂ ਨਾਲ ਜੋੜਦਾ ਹੈ, ਉਥੇ ਨਾਲ ਹੀ ਲੋਕਾਂ ਦਾ ਅਜੋਕੇ ਸਮੇਂ ਵਿਚ ਮਨੋਰੰਜਨ ਵੀ ਕਰਦਾ ਹੈ।

ਅਸੀਂ ਫਿਰ ਰਾਗੀਆਂ ਨੂੰ ਦੁਬਾਰਾ ਬੇਨਤੀ ਕਰਦੇ ਹਾਂ, ਕਿਸਦਾ ਕੀਰਤਨ ਬਾਣੀ ਦਾ ਲਿਖੇ ਰਾਗਾਂ ਅਨੁਸਾਰ ਹੀ ਕਰਿਆ ਕਰੋ। ਕਿਉਂਕਿ ਗੁਰਮਤਿ ਵਿੱਚ ਰਾਗ ਨੂੰ ਪ੍ਰਮੁਖਤਾ ਦਿੱਤੀ ਗਈ ਹੈ।

# ਜੰਮੂ-ਕਸ਼ਮੀਰ ਦੇ ਕੀਰਤਨੀਏ ਤੇ ਪਰਚਾਰਕ

ਸ. ਜਸਬੀਰ ਸਿੰਘ ਸਰਨਾ
ਬਾਰਾਮੂਲਾ (ਕਸ਼ਮੀਰ)

ਜੰਮੂ-ਕਸਮੀਰ ਵਿਚ ਕੀਰਤਨ ਕਰਨ ਦਾ ਆਰੰਭ ਉਦੋਂ ਹੀ ਸ਼ੁਰੂ ਹੁੰਦਾ ਹੈ ਜਦੋਂ ਗੁਰੂ ਨਾਨਕ ਸਾਹਿਬ ਨੇ ਮਟਨ ਦੇ ਲਾਗੇ ਮਛਭੱਵਨ ਵਿਚ ਬਹਿ ਕੇ ਅਕਾਲ ਪੁਰਖ ਦੀ ਮਹਿਮਾਂ ਵਿਚ ਸ਼ਬਦ ਉਚਾਰਨ ਕੀਤੇ ਸਨ। ਉਸ ਤੋਂ ਬਾਅਦ ਕੀਰਤਨੀਆਂ ਅਤੇ ਰਾਗੀਆਂ ਬਾਰੇ ਅਜੇ ਖੋਜ ਹੋਣੀ ਬਾਕੀ ਹੈ। ਜੰਮੂ-ਕਸ਼ਮੀਰ ਦੇ ਜਿਨਾਂ ਕ ਕੀਰਤਨੀਆਂ ਅਤੇ ਪ੍ਰਚਾਰਕਾਂ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ ਉਹ ਇਸ ਪ੍ਰਕਾਰ ਹੈ :—

## 1. ਭਾਈ ਸਰੂਪ ਸਿੰਘ

ਭਾਈ ਸਰੂਪ ਸਿੰਘ ਜੀ ਦਾ ਜਨਮ ਭਾਈ ਸੁੰਦਰ ਸਿੰਘ ਜੀ ਦੇ ਘਰ ਪੁਣਛ [ਕਸ਼ਮੀਰ] ਵਿਚ ਹੋਇਆ। ਇਹਨਾਂ ਦਾ ਇਕ ਹੋਰ ਭਾਈ ਸਰਦੂਲ ਸਿੰਘ ਸਨ। ਇਸ ਪਰਿਵਾਰ ਵਿਚ ਰਾਗ ਵਿਦਿਆ ਕਾਫੀ ਸਮੇਂ ਤੋਂ ਪ੍ਰਚਲਤ ਸੀ। ਭਾਈ ਸਰੂਪ ਸਿੰਘ ਬਚਪਨ ਤੋਂ ਹੀ ਪੰਜਾਬ ਚਲੇ ਗਏ ਅਤੇ ਰਾਗ ਵਿਦਿਆ ਪ੍ਰਾਪਤ ਕੀਤੀ। 1934-35 ਵਿਚ ਪੂਰੇ ਪੁਣਛ ਵਿਚ ਬੜੇ ਪ੍ਰਸਿੱਧ ਰਾਗੀ ਹੋਏ ਹਨ। ਪਹਿਲਾਂ ਇਹ ਗੁਰਦਆਰਾ ਸਾਹਿਬ ਭਾਈ ਬੀਬਾ ਸਿੰਘ ਪਿਸ਼ਾਵਰ ਵਿਚ ਨੌਕਰੀ ਕਰਦੇ ਰਹੇ। ਕਾਫੀ ਸਮਾਂ ਪੁਣਛ ਦੇ ਸੰਤਾਂ ਨਾਲ ਕੀਰਤਨ ਕਰਦੇ ਰਹੇ। ਇਹਨਾਂ ਦਾ ਕੀਰਤਨ ਲੋਕ ਉਚੇਚੇ ਤੌਰ ਤੇ ਜਾ ਕੇ ਸਰਵਣ ਕਰਦੇ ਸਨ। ਡੋਗਰਾ ਰਾਜਾ ਜਗਤ ਦੇਵ ਸਿੰਹੁ ਖਾਸ ਮੌਕਿਆਂ ਤੇ ਇਹਨਾਂ ਨੂੰ ਬੁਲਾ ਕੇ ਕੀਰਤਨ ਕਰਾਉਂਦਾ ਸੀ ਅਤੇ ਕਾਫੀ ਇਨਾਮ ਅਤੇ ਨਕਦ ਦੇ ਕੇ ਸਨਮਾਨ ਕਰਦਾ ਸੀ। ਆਮ ਸੰਗਤਾਂ ਦੇ ਰੂਬਰੂ ਦਰਬਾਰ ਵਿਚ ਵੀ ਇਹਨਾਂ ਦਾ ਬੜਾ ਸਤਿਕਾਰ ਸੀ। ਆਪ ਦੇ ਘਰ ਇਕੋ ਸਿੰਘ ਸ੍ਰ: ਜਸਵੰਤ ਸਿੰਘ ਹੋਇਆ ਹੈ।

## 2. ਭਾਈ ਬਿਸ਼ਨ ਸਿੰਘ

ਭਾਈ ਬਿਸ਼ਨ ਸਿੰਘ ਰਾਗ ਵਿਦਿਆ ਵਿਚ ਨਿਪੁੰਨ ਹੋਣ ਕਾਰਨ ਬੜੇ ਪ੍ਰਸਿੱਧ ਕੀਰਤਨੀਏ ਹੋਏ ਹਨ। ਇਹਨਾਂ ਨੇ ਤਕਰੀਬਨ ਬਹੁਤੀ ਆਯੂ ਡੇਰਾ ਨੰਗਾਲੀ ਸਾਹਿਬ [ਪੁਣਛ] ਵਿਖੇ ਕੀਰਤਨ ਕਰਕੇ ਗੁਜਾਰੀ। ਤਕਰੀਬਨ ਚਾਲੀ ਸਾਲ ਭਾਵ 1893 ਤੋਂ ਲੈ ਕੇ 1933 ਤਕ ਡੇਰਾ ਨੰਗਾਲੀ ਸਾਹਿਬ ਪੁਣਛ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਆਪ ਜੀ ਦੇ ਚਾਰ ਸਪੁੱਤਰ ਹੋਏ ਜਿਵੇਂ ਭਾਈ ਕਿਰਪਾਲ ਸਿੰਘ, ਸ੍ਰ. ਮੀਹਾਂ ਸਿੰਘ, ਸ੍ਰ: ਅਵਤਾਰ ਸਿੰਘ ਅਤੇ ਸ੍ਰ. ਆਸਾ ਸਿੰਘ।

## 3. ਭਾਈ ਰਾਮ ਸਿੰਘ

ਭਾਈ ਰਾਮ ਸਿੰਘ ਜੀ ਦਾ ਜਨਮ 1866 ਵਿਚ ਭਾਈ ਗੁਰਮੁਖ ਸਿੰਘ ਦੇ ਘਰ ਹੋਇਆ। ਇਹ ਪੰਜ ਭਰਾ ਸਨ। ਇਹ ਕੀਰਤਨ ਸਿਰੰਦੇ ਨਾਲ ਪੁਰਾਣੀਆਂ ਧੁਨੀਆਂ ਉਚਾਰ ਕੇ ਕਰਦੇ ਸਨ ਜੋ ਬੜਾ ਦਿਲ ਖਿਚਵਾਂ ਹੁੰਦਾ ਸੀ। ਜਿਥੇ ਕਿਤੇ ਵੀ ਕੀਰਤਨ ਦਰਬਾਰ ਜਾਂ ਜੋੜ ਮੇਲਾ ਹੋਵੇ ਲੋਕੀਂ ਆਪ ਨੂੰ ਵਿਸ਼ੇਸ਼ ਤੌਰ ਤੇ ਲੈ ਜਾਂਦੇ ਸਨ। ਡੇਰਾ ਨੰਗਾਲੀ ਸਾਹਿਬ ਪੁਣਛ ਵਿਚ ਵੀ ਥਾਂ-ਥਾਂ ਜਾ ਕੇ ਕੀਰਤਨ ਕਰਦੇ ਰਹੇ। ਗੁਰਬਾਣੀ ਦੇ ਰਸੀਏ ਅਤੇ ਧਾਰਮਕ ਵਾਕਫ਼ੀ ਨਾਲ ਬੜੇ ਲਬਰੇਜ਼ ਸਨ।

ਇਹਨਾਂ ਦਾ ਵਿਆਹ ਗੁਰਸਿੱਖ ਭਾਈ ਰਵੇਲ ਸਿੰਘ 'ਤਖਤੀਆਲ' ਦੀ ਸਪੁੱਤਰੀ ਨਾਲ ਹੋਇਆ ਜਿਸ ਵਿਚੋਂ ਦੋ ਸਪੁੱਤਰ ਹੋਏ। ਭਾਈ ਈਸ਼ਰ ਸਿੰਘ [ਜਨਮ 1914] ਅਤੇ ਭਾਈ ਪ੍ਰਤਾਪ ਸਿੰਘ [ਜਨਮ 1919], ਭਾਈ ਰਾਮ ਸਿੰਘ 65 ਵਰ੍ਹੇ ਦੀ ਉਮਰ ਗੁਜ਼ਾਰ ਕੇ ਗੁਰਪੁਰੀ 1931 ਵਿਚ ਸਧਾਰ ਗਏ।

ਭਾਈ ਈਸ਼ਰ ਸਿੰਘ ਨੇ ਡੇਰੇ ਸ਼ੇਰਾਂ ਵਾਲੇ ਦਰਵਾਜ਼ੇ ਲਾਹੌਰ ਵਿਚ ਰਹਿ ਕੇ ਰਾਗ ਵਿਦਿਆ ਅਤੇ ਧਾਰਮਿਕ ਵਿਦਿਆ ਹਾਸਲ ਕੀਤੀ। ਇਹ ਬੜੇ ਸਿਆਣੇ ਤੇ ਮਿਲਣਸਾਰ ਹੋਣ ਦੇ ਨਾਤੇ ਡੇਰੇ ਦੇ ਮੁਖੀਆਂ ਵਜੋਂ ਜਾਣੇ ਜਾਂਦੇ ਸਨ। ਇਹਨਾ ਦਾ ਵਿਵਾਹ ਭਾਈ ਸੰਤ ਸਿੰਘ [ਅਰੂਟ ਵਾਲੇ] ਦੀ ਸਪੁਤਰੀ ਨਾਲ ਹੋਇਆ।

# "ਬਾਣੀ ਸਾਡੇ ਹਿਰਦੇ ਤੇ ਲਿਖੀ ਹੋਈ ਹੈ"

(ਲੜੀ ਜੋੜਨ ਲਈ ਦੇਖੋ ਪਿਛਲਾ ਅੰਕ) —ਰਘਬੀਰ ਸਿੰਘ ਨਵੀਨ

? ਇਹ ਸੁਣਨ ਵਿਚ ਆਇਆ ਹੈ ਕਿ ਕੁਝ ਮੁਸਲਮਾਨ ਵੀਰ ਕੀਰਤਨ ਕਰਨ ਤੋਂ ਬਾਅਦ ਚੂਲੀ ਕਰਦੇ ਹਨ ਤਾਂ ਜੋ 'ਕਾਫਰਾਂ ਦੀ ਬਾਣੀ' ਪੜ੍ਹਨ ਤੋਂ ਬਾਅਦ ਚੂਲੀ (ਕੁਰਲਾ) ਕਰ ਕੇ ਉਹ ਪਾਕ (ਪਵਿੱਤਰ) ਹੋ ਸਕਣ। ਆਪ ਜੀ ਦਾ ਇਸ ਬਾਰੇ ਕੀ ਵਿਚਾਰ ਹੈ ?

**ਜਵਾਬ :** ਸਾਡੇ ਖ਼ਿਆਲ ਮੁਤਾਬਿਕ ਇਹ ਬੇ-ਬੁਨਿਆਦ ਅਤੇ ਗੁਮਰਾਹਕੁਨ ਵਿਚਾਰ ਹੈ। ਅਸੀਂ ਗੁਰਬਾਣੀ ਨੂੰ ਅੱਲ੍ਹਾ ਦਾ ਪਾਕਿ ਪੈਗਾਮ ਸਮਝਦੇ ਹਾਂ ਅਤੇ ਸਾਂਝੇ ਰੱਬ ਵਿਚ ਯਕੀਨ ਰਖਦੇ ਹਾਂ। ਇਸ ਕਰ ਕੇ ਕੁਰਲਾ ਕਰਨ ਦਾ ਸਵਾਲ ਹੀ ਨਹੀਂ ਉਠਦਾ।

? ਕੀਰਤਨ ਤੋਂ ਇਲਾਵਾ ਆਪ ਜੀ ਦਾ ਹੋਰ ਕੀ ਕਾਰੋਬਾਰ ਹੈ ?

**ਜਵਾਬ :** ਕੀਰਤਨ ਤੋਂ ਇਲਾਵਾ ਮੈਂ ਕੋਈ ਹੋਰ ਕਾਰੋਬਾਰ ਨਹੀਂ ਕਰਦਾ। ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਜਦੋਂ ਭਾਰਤ ਵਿਚੋਂ ਜੱਥੇ ਆਉਂਦੇ ਹਨ ਤਾਂ ਅਸੀਂ ਪਾਕਿਸਤਾਨ ਵਿਚਲੇ ਕੀਰਤਨੀਏ ਵੱਖ ਵੱਖ ਗੁਰਦੁਆਰਿਆਂ ਵਿਚ ਕੀਰਤਨ ਦੀ ਸੇਵਾ ਕਰਦੇ ਹਾਂ। ਭਾਰਤੀ ਸੰਗਤਾਂ ਸਾਨੂੰ ਮਾਣ ਅਤੇ ਸਤਿਕਾਰ ਦੇਂਦੀਆਂ ਹਨ। ਸੰਗਤਾਂ ਸਾਨੂੰ ਖੁਸ਼ੀ ਵਜੋਂ ਕੀਰਤਨ ਭੇਟਾ ਦੇਂਦੀਆਂ ਜਿਨ੍ਹਾਂ ਨਾਲ ਸਾਡੀ ਗੁਜ਼ਰ ਬਸਰ ਹੁੰਦੀ ਹੈ। ਸਿੰਧੀ ਵੀਰ ਸਾਨੂੰ ਅਕਸਰ ਆਪਣੇ ਪ੍ਰੋਗਰਾਮਾਂ ਵਿਚ ਲੈ ਜਾਂਦੇ ਹਨ, ਜਿਥੇ ਅਸੀਂ ਕੀਰਤਨ ਕਰਦੇ ਹਾਂ ?

? ਕੀ ਤੁਹਾਡੇ ਪਰਿਵਾਰ ਵਿਚੋਂ ਕੋਈ ਹੋਰ ਵੀ ਕੀਰਤਨ ਕਰਦਾ ਹੈ ?

**ਜਵਾਬ :** ਜੀ ਹਾਂ, ਮੇਰੇ ਦੋ ਲੜਕੇ ਮੁਹੰਮਦ ਹੁਸੈਨ ਅਤੇ ਮੁਹੰਮਦ ਸਦੀਕ, ਜੋ ਅੱਜ ਕਲ੍ਹ ਮੇਰੇ ਨਾਲ ਆਏ ਹੋਏ ਹਨ, ਮੇਰੇ ਨਾਲ ਕੀਰਤਨ ਦੌਰਾਨ ਸਾਥ ਦਿੰਦੇ ਹਨ। ਤਬਲੇ ਉਤੇ ਮੇਰਾ ਸਾਥ ਕਰਮ ਹੁਸੈਨ ਦਿੰਦੇ ਹਨ। ਇਸ ਤੋਂ ਇਲਾਵਾ ਮੇਰੇ ਭਾਈ ਜਾਨ ਅਰਸ਼ਦ ਜੀ ਜਿਨ੍ਹਾਂ ਦਾ ਇਕ ਅਲੱਗ ਕੀਰਤਨੀ ਜਥਾ ਹੈ, ਵੀ ਕੀਰਤਨ ਦੀ ਸੇਵਾ ਕਰਦੇ ਹਨ।

? ਲਾਲ ਜੀ, ਤੁਹਾਡੀ ਜ਼ਿੰਦਗੀ ਦੀ ਕੋਈ ਯਾਦਗਾਰੀ ਘਟਨਾ ?

**ਜਵਾਬ :** ਨਵੀਨ ਜੀ, ਇਕ ਵਾਰ ਭਾਰਤ ਵਿਚ ਹੀ ਹੋਏ ਇਕ ਕੀਰਤਨ ਦਰਬਾਰ ਵਿਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਵਿਚ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ ਮਹਾਰਾਜ ਕਲੇਰਾਂ ਵਾਲੇ ਵੀ ਪਹੁੰਚੇ ਹੋਏ ਸਨ। ਇਸ ਕੀਰਤਨ ਦਰਬਾਰ ਵਿਚ ਹਰ ਕੀਰਤਨੀਏ ਸਿੰਘ ਨੂੰ ਸਟੇਜ ਤੇ ਸਿਰਫ 5 ਮਿੰਟ ਕੀਰਤਨ ਕਰਨ ਦਾ ਸਮਾਂ ਦਿਤਾ ਜਾ ਰਿਹਾ ਸੀ। ਸੰਗਤਾਂ ਦਾ ਵੱਡਾ ਇਕੱਠ ਸੀ ਜਦ ਮੇਰੀ ਵਾਰੀ ਆਈ ਤਾਂ ਮੈਂ ਸੋਚਾਂ ਵਿਚ ਪੈ ਗਿਆ ਕਿ ਇਤਨੇ ਥੋੜੇ ਸਮੇਂ ਵਿਚ ਮੈਂ ਕੀ ਸੁਣਾਵਾਂ ? ਮੈਂ ਨਾਨਕ ਪਾਤਸ਼ਾਹ ਦਾ ਧਿਆਨ ਕੀਤਾ ਅਤੇ ਸਟੇਜ ਤੇ ਬੈਠ, ਬਸੰਤ ਰਾਗ ਵਿਚ ਸ਼ਬਦ "ਨਾਨਕ ਤਿਨਹਾਂ ਬਸੰਤ ਹੈ " ਗਾਇਨ ਕਰਨਾ ਸ਼ੁਰੂ ਕੀਤਾ। ਵਾਹਿਗੁਰੂ ਦੀ ਕ੍ਰਿਪਾ ਸਦਕਾ ਸੰਗਤ ਵਿਚ ਕੀਰਤਨ ਦਾ

ਇਤਨਾ ਅਸਰ ਹੋਇਆ ਕਿ ਸਟੇਜ ਸੈਕਟਰੀ ਨੂੰ ਪਤਾ ਹੀ ਨਾ ਲੱਗਾ ਕਿ ਅੱਧੇ ਘੰਟੇ ਤੋਂ ਵੱਧ ਸਮਾਂ ਬੀਤ ਗਿਆ । ਜਦ ਮੈਂ ਕੀਰਤਨ ਕਰਕੇ ਉਠਿਆ ਤਾਂ ਬਾਬਾ ਈਸ਼ਰ ਸਿੰਘ ਜੀ ਨੇ ਮੈਨੂੰ ਥਾਪੜਾ ਦੇਂਦੇ ਹੋਏ ਆਖਿਆ ਕਿ ਭਾਈ ਅਜਿਹਾ ਕੀਰਤਨ ਹੀ ਭਾਈ ਚਾਂਦ ਜੀ ਕਰਿਆ ਕਰਦੇ ਸੀ ਸੰਤ ਈਸ਼ਰ ਸਿੰਘ ਸਿੰਘ ਜੀ ਦੇ ਇਹ ਸ਼ਬਦ ਇਕ ਪੁਰਸਕਾਰ ਸਨ । ਅੱਜ ਵੀ ਇਹ ਘਟਨਾ ਮੇਰੀਆਂ ਅੱਖਾਂ ਸਾਹਮਣੇ ਜਿਉਂ ਦੀ ਤਿਉਂ ਤਾਜ਼ਾ ਹੈ ।

? ਪਾਕਿਸਤਾਨ 'ਚ ਹੋਰ ਰਬਾਬੀ ਰਾਗੀ ਕਿਹੜੇ ਕਿਹੜੇ ਹਨ ?

**ਜਵਾਬ**:-ਇਕ ਤਾਂ ਮੇਰੇ ਭਾਈ ਜਾਨ ਭਾਈ ਅਰਦਾਸ਼ ਜੀ ਹਨ । ਇਸ ਤੋਂ ਇਲਾਵਾ ਭਾਈ ਸੱਤਾ ਅਤੇ ਬਲਵੰਡ ਦੀ ਵੰਸ਼ ਵਿਚੋਂ ਭਾਈ ਗਾਮ ਜੀ ਹਨ । ਇਸ ਤੋਂ ਇਲਾਵਾ ਪਾਤਸ਼ਾਹੀ ਦਸਵੀਂ ਅਤੇ ਪਾਤਸ਼ਾਹੀ ਛੇਵੀਂ ਦੇ ਸਮੇਂ ਦੇ ਰਾਗੀਆਂ/ਢਾਡੀਆਂ ਦੀਆਂ ਵੰਸ਼ਾਂ ਵਿਚੋਂ ਵੀ ਬਹੁਤ ਸਾਰੇ ਪ੍ਰਵਾਰ ਪਾਕਿਸਤਾਨ ਵਿਚ ਰਹਿ ਹਨ ।

? ਸੰਗਤ ਦੇ ਨਾਮ ਕੋਈ ਸੰਦੇਸ਼ ?

**ਜਵਾਬ**:-ਗੁਰੂ ਮਹਾਰਾਜ ਦੀ ਉਚਾਰਣ ਕੀਤੀ "ਧੁਰ ਕੀ ਬਾਣੀ" ਦਾ ਗਾਇਨ ਕਰਨ ਸਮੇਂ ਜਿਥੇ ਕੀਰਤਨੀਏ ਵੀਰਾਂ ਨੂੰ ਅਗੰਮੀ ਰੌਂਅ ਵਿਚ ਆ ਕੇ ਨਿਸ਼ਕਾਮ ਭਾਵ ਨਾਲ ਤੇ ਭਾਵ ਅਰਥ ਸਮਝਦੇ ਹੋਏ ਗਾਇਨ ਕਰਨਾ ਚਾਹੀਦਾ ਹੈ, ਉਥੇ ਸਰੋਤਿਆਂ ਨੂੰ ਵੀ ਪੂਰਨ ਇਕਾਗਰਤਾ ਨਾਲ ਮਨਚਿੱਤ ਲਗਾ ਕੇ ਭਾਵ ਅਰਥ ਸਮਝਦੇ ਹੋਏ ਆਨੰਦ ਲੈਣਾ ਚਾਹੀਦਾ ਹੈ ਤਾਂ ਜੋ ਇਲਾਹੀ ਬਾਣੀ ਦੇ ਰੰਗ ਵਿਚ ਰੰਗ ਜਾਇਆ ਜਾ ਸਕੇ ।

? ਕੋਈ ਖ਼ਾਹਿਸ਼ ?

**ਜਵਾਬ**:-ਮੇਰੀ ਖ਼ਾਹਿਸ਼ ਹੈ ਕਿ ਮੈਂ ਪ੍ਰਮਾਤਮਾ ਦੀ ਬਖ਼ਸ਼ੀ ਹੋਈ ਇਸ ਵਡਮੁੱਲੀ ਦਾਤ "ਕੀਰਤਨ" ਨੂੰ ਲਗਾਤਾਰ ਵਾਹ ਦੁਨੀਆਂ ਦੇ ਹਰ ਕੋਨੇ 'ਚ ਪਹੁੰਚਾ ਸਕਾਂ ਅਤੇ ਆਪਣਾ ਜੀਵਨ ਸਫਲ ਕਰਾਂ ।

['ਸਪੋਕਸਮੈਨ' ਵਿਚੋਂ ਧੰਨਵਾਦ ਸਹਿਤ]

## ਰਾਗ ਰਾਮਕਲੀ                    ਸੁਰ ਲਿਪੀ

**ਰਾਗ ਪਰਿਚਯ :**

— ਹਰਿੰਦ੍ਰਪਾਲ ਸਿੰਘ

ਰਾਮਕਲੀ ਵਿਚ ਰੇ, ਧ ਕੋਮਲ ਦੋਨੋ ਮੱਧਮ ਤੇ ਦੋਨੋ ਨਿਸ਼ਾਦ ਲਗਦੇ ਹਨ ਜਾਤੀ ਸ਼ਾੜਵ-ਵਕਰ ਸੰਪੂਰਣ ਹੈ। ਭੈਰਵ ਦੇ ਬਹੁਤ ਹੀ ਨਿਕਟ ਹੈ। ਸ, ਮ, ਪ ਮਹੱਤਵਪੂਰਨ ਸਵਰ ਹਨ। ਵਾਦੀ ਧੈਵਤ ਸੰਵਾਦੀ ਰਿਸਭ ਹੈ। ਮਾਂ ਤੀਬਰ ਤੇ ਨਿਸ਼ਾਦ ਕੋਮਲ ਲਾਉਣ ਦਾ ਖਾਸ ਢੰਗ ਹੈ। ਰਾਮਕਲੀ ਦੀ ਰਾਗ ਵਾਚਕ ਤਾਨ ਹੈ "ਮੇ ਪ ਧੁ ਨ੍ਹੀ ਧਪ ਗਮ ਰੁ ਸ" ਇਸ ਦਾ ਗਾਇਨ ਸਮਾਂ ਅੰਮ੍ਰਿਤ ਵੇਲਾ ਹੈ।

ਆਰੋਹ : ਸ ਗ ਮ ਪ ਧੁ ਨੀ ਸਂ

ਅਵਰੋਹ : ਸਂ ਨੀ ਧੁ ਪ, ਮੇ ਪ ਧੁ ਨ੍ਹਿ ਧ ਪ ਗ ਮ ਰੁ ਸ

ਇਹ ਬੰਦਿਸ਼ ਝੱਪਤਾਲ ਵਿਚ ਨਿਬੱਧ ਜੋ ਕਿ 10 ਮਾਤਰਾ ਦਾ ਤਾਲ ਹੈ ਇਸ ਦੇ 4 ਵਿਭਾਗ ਹਨ ਪਹਿਲਾ ਭਾਗ 2 ਮਾਤਰਾ ਦੂਜਾ ਭਾਗ 3 ਮਾਤਰਾ ਤੀਜਾ ਭਾਗ 2 ਮਾਤਰਾ ਤੇ ਚੌਥਾ 3 ਮਾਤਰਾ ਦਾ ਹੈ ਝਪਤਾਲ ਦੇ ਬੋਲ ਹਨ :

| | | | | | | | | | |
|---|---|---|---|---|---|---|---|---|---|
| ਧਿੰ | ਨਾ | ਧਿੰ | ਧਿ | ਨਾ | ਤਿ | ਨਾ | ਧਿੰ | ਧਿੰ | ਨਾ |
| × | | 2 | | | 0 | | 3 | | |

**ਸਥਾਈ :**

| | | | | | | | | | |
|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 |
| × | | 2 | | | 0 | | 3 | | |
| ਪਧਨੀ | ਧੁਪ | ਮੇ | ਪ | ਪ | ਗ | ਗਮ | ਰੁ | ਰੁ | ਸ |
| ਸਾS | ਜਨ | ਤਾS | ਮੇ | ਰਾ | ਸਾ | ਜਨ | ਤਾ | S | S |
| ਮ- | ਮਮ | ਪ- | ਪ- | ਪਧੁ | ਸਂ | ਸਂਨੀ | ਧੁਨੀ | ਧੁ | ਧ |
| ਨਿਕ | ਟਿਖ | ਲੋਇ | ਅੜਾ | ਮੇਰਾ | ਸਾ | ਜਨ | ਤਾ | S | S |

**ਅੰਤਰਾ :**

| | | | | | | | | | |
|---|---|---|---|---|---|---|---|---|---|
| ਮ | ਪਪ | ਧੁ | - | ਪਧੁ | ਸਂ | ਸੇਂ ਸਂ | ਰੇਂ | ਸ਼ਂ | - |
| ਜਾ | ਨੀਅ | ਤਾ | S | ਹਰਿ | ਜਾਂ | ਨੀਅ | ਤਾ | S | S |
| ਰੁਂ | ਰੁਂ ਰੁਂ | ਰੁਂ ਰੁਂ ਰੁਂ | - | ਰੁਂ ਸ | ਸਂ | ਸਂਨੀ | ਧੁਨੀ | ਧ | ਧ |
| ਨੇ | ਣਅ | ਲੋਇੜਾ | S | ਹਰਿ | ਜਾ | ਨੀਅ | ਤਾ | S | S |

ਇਸ ਸ਼ਬਦ ਦੀ ਰੀਤ ਡਾ. ਜਾਗੀਰ ਸਿੰਘ ਹੋਰਾਂ ਦੁਆਰਾ ਗਾਇਨ ਕੀਤੀ ਗਈ ਹੈ। ਇਹ ਸ਼ਬਦ ਡਾਕਟਰ ਸਾਹਿਬ ਦੀ ਕੈੱਸਟ 'ਭਾਗ ਹੋਆ' ਵਿੱਚ ਰਿਕਾਰਡ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਰਾਗ ਰਾਮਕਲੀ ਵਿਚ ਰਚਿਆ ਹੈ। ਡਾਕਟਰ ਜਾਗੀਰ ਸਿੰਘ ਨੇ ਵੀ ਇਹ ਸ਼ਬਦ ਰਾਗ ਰਾਮਕਲੀ ਵਿੱਚ ਹੀ ਗਾਇਆ ਹੈ।

# ਸੁਰ ਲਿਪੀ

ਪ੍ਰੋ. ਤਾਰਾ ਸਿੰਘ ਜੀ

ਰਾਗ ਰਾਮਕਲੀ ਤਿੰਨ ਤਾਲ

X 2 0 3

ਸਥਾਈ :

ਗ ਮ   ਗਮ ਨ਼ੀਨ਼ੀ ਧ਼ ਪ   ਮੰਪ ਪਪ ਪ ਪ

ਮ ਨੁ   ਰਾs ss s ਮ   ਨਾs ss ਮਾ s

ਧ਼ ਧ਼ ਪ ਮੰ   ਪ - ਪ ਪ   ਮ ਗ ਮ ਰੇ਼   ਗਮ ਪਪ ਪ ਪ

ਬੇ s ਧੀ ਅ   ਲੇ s ਜੈ ਸੇ   ਕ ਨਿ ਕ ਕ   ਲਾs ss ਚਿ ਤੁ

ਮ ਗ ਮ ਰੇ਼   ਸਾ - ਸਾ ਸਾ   ਸਾ ਸਾ ਰੇਂ ਰੇਂ   ਸਾਂ - ਸਾਂ ਸਾਂ

ਮਾ s ਡੀ ਅ   ਲੇ s ਜੈ ਸੇ   ਕ ਨਿ ਕ ਕ   ਲਾ s ਚਿ ਤੁ

ਸਾਂਨੀ ਧ਼ਨੀ ਸਾਂਰੇਂ ਸਾਂਨੀ ਧ਼ਪ ਮੰਪ

ਮਾs ss ਡੀs ਅs ਲੇs ss

ਅੰਤਰਾ :

ਗ - ਮ ਮ   ਧ਼ - ਨੀ ਨੀ

ਆ s ਨੀ ਲੇ   ਕਾ s ਗ ਦ

ਸਾਂ - ਸਾਂ ਸਾਂ   ਰੇਂ ਰੇਂ ਸਾਂ ਸਾਂ   ਨੀ ਸਾਂ ਗੰ ਮ   ਰੇਂ - ਸਾਂ -

ਕਾ s ਟੀ ਲੇ   ਗੂ s ਡੀ ਅs   ਕਾ s ਸ ਮ   ਧੇ s s s

ਰੇਂ ਨੀਸਾ ਰੇਂ ਸਾਂ   ਧ਼ ਨ਼ੀ ਧ਼ ਪ   ਮੰ - ਪ ਪ   ਮੰਪ ਧ਼ਨ਼ੀ ਧ ਪ

ਭs ਰs ਮੀ ਅ   ਲੇ s s s   ਪੰ s ਚ ਜ   ਨਾs ss ਸਿਉ s

ਮੰ ਪ ਗ ਮ   ਗ ਰੇ਼ ਸਾ ਸਾ   ਸਾ ਮ ਗ ਪ   ਮੰ ਪ ਗ ਮ

ਬਾ s ਤ ਬ   ਤ sਉ ਆ s   ਚੀ s ਤੁ ਸੁ   ਡੋ s ਰੀ s

ਧ਼ਨੀ ਸਾਂਰੇਂ ਸਾਂਨ਼ੀ ਧ਼ਨ਼ੀ ਧ਼ਪ ਮੰਪ

ਰਾs ss ਖੀs ਅs ਲੇs ss

(ਭਗਤ ਰਾਗ ਰਤਨਾਵਲੀ ਵਿਚੋਂ)

## ਰਾਮਕਲੀ ਮਹਲਾ ੫ ਛੰਤ

ੴ ਸਤਿਗੁਰ ਪ੍ਰਸਾਦਿ ॥

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥
ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥
ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥
ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥
ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥

॥ ੧ ॥ (੯੧੪)

**ਅਰਥ :** –ਹੇ ਭਾਈ ! ਪ੍ਰਮਾਤਮਾ ਮੇਰਾ ਪਿਆਰਾ ਸੱਜਣ ਹੈ, ਮੇਰਾ ਪਿਆਰਾ ਮਿੱਤਰ ਹੈ; ਉਹ ਮੇਰਾ ਪਿਆਰਾ ਸੱਜਣ (ਹਰ ਵੇਲੇ) ਮੇਰੇ ਪਾਸ ਖਲੋਤਾ ਹੋਇਆ ਹੈ। ਹੇ ਭਾਈ ! ਪ੍ਰਮਾਤਮਾ ਮੈਨੂੰ ਜਿੰਦ ਤੋਂ ਭੀ ਪਿਆਰਾ ਹੈ, ਮੈਨੂੰ ਜਾਨ ਤੋਂ ਭੀ ਪਿਆਰਾ ਹੈ, ਉਸ ਪਿਆਰੇ ਜਾਨੀ ਪ੍ਰਭੂ ਨੂੰ ਮੈਂ (ਆਪਣੀਆਂ) ਅੱਖਾਂ ਨਾਲ ਵੇਖ ਲਿਆ ਹੈ।

ਹੇ ਭਾਈ ! ਮੈਂ ਅੱਖੀਂ ਵੇਖ ਲਿਆ ਹੈ ਕਿ ਉਹ ਅੱਤ ਮਿੱਠਾ ਤੇ ਪਿਆਰਾ ਮਿੱਤਰ ਪ੍ਰਭੂ ਹਰੇਕ ਸਰੀਰ ਵਿਚ ਗੁਪਤ ਵੱਸ ਰਿਹਾ ਹੈ। ਪਰ, ਹੇ ਭਾਈ ! ਮੂਰਖ ਜੀਵ (ਉਸ ਦੇ ਮਿਲਾਪ ਦਾ) ਸੁਆਦ ਨਹੀਂ ਜਾਣਦਾ, (ਕਿਉਂਕਿ) ਉਸ ਹਰ-ਵੇਲੇ ਨਾਲ ਵਸਦੇ ਮਿੱਤਰ ਨੂੰ (ਮੂਰਖ ਮਨੁਖ) ਲੱਭ ਨਹੀਂ ਸਕਦਾ।

ਹੇ ਭਾਈ ! ਮੂਰਖ ਜੀਵ ਮਾਇਆ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ ਤੇ ਹੋਛੀਆਂ ਗੱਲਾਂ ਹੀ ਕਰਦਾ ਰਹਿੰਦਾ ਹੈ। ਹੇ ਭਾਈ ! ਭਟਕਣਾ ਦਾ ਪ੍ਰਭਾਵ ਹੋਣ ਕਰਕੇ (ਉਸ ਪਿਆਰੇ ਮਿੱਤਰ ਨੂੰ) ਮਿਲਿਆ ਨਹੀਂ ਜਾ ਸਕਦਾ। ਹੇ ਨਾਨਕ ! ਆਖ-ਸੱਜਣ ਪਰਮਾਤਮਾ (ਭਾਵੇਂ) ਸਭ ਜੀਵਾਂ ਦੇ ਨੇੜੇ ਖਲੋਤਾ ਹੋਇਆ ਹੈ, ਪਰ ਗੁਰੂ ਤੋਂ ਬਿਨਾਂ ਉਹ ਦਿੱਸਦਾ ਨਹੀਂ।੧।

## ਬਾਣੀ ਨਾਮ ਦੇਉ ਜੀਉ ਕੀ ਰਾਮਕਲੀ ਘਰੁ ੧

ੴ ਸਤਿਗੁਰ ਪ੍ਰਸਾਦਿ।

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥ ੧ ॥
ਮਨੁ ਰਾਮ ਨਾਮਾ ਬੇਧੀਅਲੇ ॥

ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ੧ ॥

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥

ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਆਲੇ ॥ ੨ ॥

ਮੰਦਰੁ ਏਕ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥

ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਆਲੇ ॥ ੩ ॥

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕ ਪਾਲਨ ਪਉਢੀਅਲੇ ॥

ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥ ੪ ॥ ੧ ॥

(ਆਦਿ ਗ੍ਰੰਥ, ਪੰਨਾ ੯੭੨)

ਅਰਥ :—ਹੇ (ਤ੍ਰਿਲੋਚਨ !) ਜਿਵੇਂ ਸੁਨਿਆਰੇ ਦਾ ਮਨ (ਹੋਰਨਾਂ ਨਾਲ ਗੱਲਾਂ ਬਾਤਾਂ ਕਰਦਿਆਂ ਭੀ, ਕਨਾਲੀ ਵਿਚ ਪਾਏ ਹੋਏ ਸੋਨੇ ਵਿਚ) ਜੁੜਿਆ ਰਹਿੰਦਾ ਹੈ, ਤਿਵੇਂ ਮੇਰਾ ਮਨ ਪ੍ਰਮਾਤਮਾ ਦੇ ਨਾਮ ਵਿਚ ਜੁੜਿਆ ਹੋਇਆ ਹੈ । ੧ । ਰਹਾਉ ।

(ਹੇ ਤ੍ਰਿਲੋਚਨ ! ਵੇਖ ਮੁੰਡਾ) ਕਾਗ਼ਜ਼ ਲਿਆਉਂਦਾ ਹੈ, ਉਸ ਦੀ ਗੁੱਡੀ ਕੱਟਦਾ ਹੈ ਤੇ ਗੁੱਡੀ ਨੂੰ ਅਸਮਾਨ ਵਿਚ ਉਡਾਉਂਦਾ ਹੈ, ਸਾਥੀਆਂ ਨਾਲ ਗੱਪਾਂ ਭੀ ਮਾਰੀ ਜਾਂਦਾ ਹੈ, ਪਰ ਉਸ ਦਾ ਮਨ (ਗੁੱਡੀ ਦੀ) ਡੋਰ ਵਿਚ ਟਿਕਿਆ ਰਹਿੰਦਾ ਹੈ । ੧ ।

(ਹੇ ਤ੍ਰਿਲੋਚਨ !) ਜੁਆਨ ਕੁੜੀਆਂ ਸ਼ਹਿਰ ਵਿਚੋਂ (ਬਾਹਰ ਜਾਂਦੀਆਂ ਹਨ) ਆਪੋ ਆਪਣਾ ਘੜਾ ਚੁਕ ਲੈਂਦੀਆਂ ਹਨ, ਪਾਣੀ ਨਾਲ ਭਰਦੀਆਂ ਹਨ, (ਆਪੋ ਵਿਚ) ਹੱਸਦੀਆਂ ਹਨ, ਹਾਸੇ ਦੀਆਂ ਗੱਲਾਂ ਤੇ ਹੋਰ ਕਈ ਵਿਚਾਰਾਂ ਕਰਦੀਆਂ ਹਨ, ਪਰ ਆਪਣਾ ਮਨ ਆਪੋ ਆਪਣੇ ਘੜੇ ਵਿਚ ਰੱਖਦੀਆਂ ਹਨ । ੨ ।

(ਹੇ ਤ੍ਰਿਲੋਚਨ !) ਇਕ ਘਰ ਹੈ ਜਿਸ ਦੇ ਦਸ ਬੂਹੇ ਹਨ, ਇਸ ਘਰੋਂ ਮਨੁੱਖ ਗਊਆਂ ਚਾਰਨ ਲਈ ਛੱਡਦਾ ਹੈ; ਇਹ ਗਾਈਆਂ ਪੰਜਾਂ ਕੋਹਾਂ ਤੇ ਜਾ ਚੁਗਦੀਆਂ ਹਨ, ਪਰ ਆਪਣਾ ਚਿੱਤ ਆਪਣੇ ਵੱਛੇ ਵਿਚ ਰੱਖਦੀਆਂ ਹਨ (ਤਿਵੇਂ ਹੀ ਦਸ-ਇੰਦ੍ਰਿਆਂ-ਵਾਲੇ ਇਸ ਸਰੀਰ ਵਿਚੋਂ ਗਿਆਨ-ਇੰਦ੍ਰੇ ਸਰੀਰ ਦੇ ਨਿਰਬਾਹ ਲਈ ਕੰਮ-ਕਾਰ ਕਰਦੇ ਹਨ, ਪਰ ਮੇਰੀ ਸੁਰਤ ਆਪਣੇ ਪ੍ਰਭੂ-ਚਰਨਾਂ ਵਿਚ ਹੀ ਹੈ) । ੩ ।

ਹੇ ਤ੍ਰਿਲੋਚਨ ! ਸੁਣ, ਨਾਮਦੇਵ (ਇਕ ਹੋਰ ਦ੍ਰਿਸ਼ਟਾਂਤ) ਆਖਦਾ ਹੈ—ਮਾਂ ਆਪਣੇ ਬਾਲ ਨੂੰ ਪੰਘੂੜੇ ਵਿਚ ਪਾਂਦੀ ਹੈ, ਅੰਦਰ ਬਾਹਰ ਘਰ ਦੇ ਕੰਮਾਂ ਵਿਚ ਰੁੱਝੀ ਰਹਿੰਦੀ ਹੈ, ਪਰ ਆਪਣੀ ਸੁਰਤ ਆਪਣੇ ਬੱਚੇ ਵਿਚ ਰੱਖਦੀ ਹੈ । ੪ । ੧ ।

ਭਾਵ : ਪ੍ਰੀਤਿ ਦਾ ਸਰੂਪ-ਕੰਮ-ਕਾਰ ਕਰਦਿਆਂ ਸੁਰਤ ਹਰ ਵੇਲੇ ਪ੍ਰਭੂ ਦੀ ਯਾਦ ਵਿਚ ਰਹੇ ।

# ਤੁਹਾਡੇ ਪੱਤਰ

ਉਸਤਾਦ ਤ੍ਰਿਲੋਚਨ ਸਿੰਘ ਬਾਰੇ ਲੇਖ ਪੜ ਕੇ ਪਤਾ ਲਗਦਾ ਹੈ ਕਿ ਸੰਗੀਤ ਜੋ ਅਸੀਂ ਸੁਣ ਕੇ ਖੁਸ਼ ਹੁੰਦੇ ਹਾਂ ਇਸ ਪਿਛੇ ਕਿਤਨੀ ਘਾਲਣਾ ਕਰਨੀ ਪੈਂਦੀ ਹੈ। ਕੌਮ ਨੂੰ ਚਾਹੀਦਾ ਹੈ ਕਿ ਅਜਿਹੇ ਉਸਤਾਦਾਂ ਦੀ ਸੰਭਾਲ ਵਲ ਧਿਆਨ ਦੇਵੇ।

ਐਮ. ਐਸ. ਮਸਤਾਨਾ ਮਲੋਟ

'ਅੰਮ੍ਰਿਤ ਕੀਰਤਨ' ਵਧੀਆ ਰਸਾਲਾ ਹੈ ਇਸ ਵਿੱਚ ਛਪੀਆਂ ਪੁਰਾਤਨ/ਨਵੀਨ ਕੀਰਤਨੀਆਂ ਦੀਆਂ ਜੀਵਨੀਆਂ ਤਾਂ ਸਧਾਰਨ ਪਾਠਕ ਲਈ ਵੀ ਲਾਭਦਾਇਕ ਹਨ।

ਜੀ. ਕੇ. ਸੂਰੀ ਚੰਡੀਗੜ੍ਹ

'ਅੰਮ੍ਰਿਤ ਕੀਰਤਨ ਇਕੋ ਬੈਠਕ ਵਿਚ ਮੁਕਾ ਕੇ ਸਾਹ ਲਈਦਾ ਹੈ। ਪਿਛਲੇ ਅੰਕ ਵਿੱਚ ਸ. ਹਰਜਾਪ ਸਿੰਘ ਹਰਾ ਲੇਖ ਸ. ਜਧ ਸਿਘ ਬਾਰ ਨਵੇਕਲਾ ਸੀ! ਇਹ ਜਿਹੀਆਂ ਹਸਤੀਆਂ ਤੋਂ ਜਾਣੂ ਕਰਾਉਣ ਦਾ ਸਿਹਰਾ 'ਅੰਮ੍ਰਿਤ ਕੀਰਤਨ' ਦੇ ਸਿਰ ਹੀ ਬਝਦਾ ਹੈ। ਰਸਾਲੇ ਦੇ ਆਕਾਰ ਵਿਚ ਵਾਧੇ ਦਾ ਸਮਾਂ ਆ ਗਿਆ ਹੈ। ਕੀਰਤਨ ਦੇ ਅੰਗਾ, ਰਾਗਾਂ ਦੀ ਵਿਲਖਣਤਾ ਅਤੇ ਗੁਰਬਾਣੀ ਵਿਚ ਸੰਗੀਤ ਦਾ ਸਥਾਨ ਆਦਿ ਵਿਸ਼ 'ਅੰਮ੍ਰਿਤ ਕੀਰਤਨ' ਰਾਹੀਂ ਸਪਸ਼ਟ ਹੋ ਰਹੇ ਹਨ। ਸੰਪੂਰਨ ਲੁ ਸਤਰੀ ਸੰਗੀਤ ਪੱਧਤੀ ਬਾਰੇ ਲੜੀ ਸ਼ੁਰੂ ਕਰ ਦਿਓ। ਗੁਰੂ ਗਰੰਥ ਸਾਹਿਬ ਵਿੱਚ ਦਰਜ ਸਾਰੇ ਰਾਗਾਂ ਦੇ ਇਤਿਹਾਸਕ ਪਿਛਕੜ ਅਜ ਦੀ ਤਾਜਤ ਭਰੀ ਜਿੰਦਗੀ ਵਿਚ ਰਾਗ ਦਾ ਮਨ ਤੇ ਅਸਰ ਆਦਿ ਵਿਸ਼ ਵੀ ਲਗਾਤਾਰ ਛੇੜੀ ਰਖੋ। ਗੁਰੂ ਕੇ ਕੀਰਤਨੀਆ ਬਾਰੇ ਲੇਖ ਸਲਾਘਾ ਯੋਗ ਹਨ। ਉੱਚ ਕੋਟੀ ਦੇ ਹੋਰ ਸੰਗੀਤਕਾਰਾਂ ਦੀਆ ਜੀਵਨੀਆ ਅਤੇ ਉਹਨਾ ਦੀ ਘਾਲਣਾ ਬਾਰ ਬਾਰ ਲੇਖ ਵੀ ਸਲਾਹੇ ਜਾਣਗੇ।

ਜੀ ਪੀ ਕੈਪਟਨ ਸ. ਸ. ਭਾਟੀਆ
ਮਦਰਾਸ

ਆਪ ਦੀਆਂ ਕੀਰਤਨ ਕੈਸਟਾਂ ਵਿਚੋਂ 'ਬਬੀਹਾ ਅੰਮ੍ਰਿਤ ਵੇਲੇ ਬੋਲਿਆ' ਦੀ ਮਧੁਰ ਅਵਾਜ਼ ਰੋਜ ਪੈਂਦੀ। ਦੂਰੀ ਬਹੁਤ ਹੋ ਗਈ ਹੈ ਪਰ ਫਿਰ ਵੀ ਰਜ਼ਾ ਵਿਚ ਰਹਿਣ ਲਈ 'ਜਿਉ ਰਾਖਹਿ ਤਿਉ ਰਹੀਐ' ਸੁਣਦਾ ਹਾਂ। ਇਸ ਪ੍ਰਦੇਸ ਵਿਚ ਆਪ ਜੀ ਦਾ ਕੀਰਤਨ ਮੇਰੇ ਨਿਤਨੇਮ ਦਾ ਹਿੱਸਾ ਬਣ ਗਿਆ ਹੈ।

'ਅੰਮ੍ਰਿਤ ਕੀਰਤਨ' ਰਾਹੀਂ ਜੋ ਸੇਵਾ ਤੁਸੀ ਕਰ ਰਹੇ ਹੋ ਇਹ ਅਕਾਲ ਪੁਰਖ ਦੀ ਬਖਸ਼ਿਸ਼ ਹੀ ਹੈ। ਗੁਰਬਾਣੀ ਦੇ ਰੂ ਬ ਰੂ ਸੰਗੀਤ ਵਿਦਿਆ ਦੀ ਜੋ ਰੋਸ਼ਨੀ ਵੰਡ ਰਹੇ ਹੋ ਇਸ ਲਈ ਵਧਾਈ ਦੇ ਹੱਕਦਾਰ ਹੋ।

ਜਸਬੀਰ ਸਿੰਘ ਸਰਨਾ
ਬਾਰਾਮੂਲਾ ਕਸ਼ਮੀਰ

'ਅੰਮ੍ਰਿਤ ਕੀਰਤਨ' ਕੀਰਤਨ ਪ੍ਰੇਮੀਆ ਅਤੇ ਸੰਗੀਤ ਪ੍ਰੇਮੀਆਂ ਲਈ ਇਕ ਬਹੁਤ ਹੀ ਚੰਗੀ ਪਤ੍ਰਕਾ ਹੈ ਹਰ ਇਕ ਗੁਰਮਤ ਸੰਗੀਤ ਪ੍ਰੇਮੀ ਲਈ ਇਹ ਵਡਮੁਲਾ ਖਜਾਨਾ ਹੈ। ਵਾਹਿਗੁਰੂ ਅਗੇ ਅਰਦਾਸ ਹੈ ਇਹ ਦਿਨ ਦੁਗਣੀ ਰਾਤ ਚੋਗਣੀ ਤਰੱਕੀ ਕਰੇ।

ਦਲਜੀਤ ਸਿੰਘ
ਨਾਇਬ ਸੂਬੇਦਾਰ ਆਰ. ਟੀ.

# ਪੁਸਤਕ-ਪਰਿਚੈ

**ਪੁਸਤਕ : ਸਿੱਖ ਧਰਮ ਤੇ ਸ਼ਹੀਦੀ ਪਰੰਪਰਾ**

**ਸੰਪਾਦਕ : ਐਮ. ਜੀ. ਗੁਪਤਾ**

**ਪ੍ਰਕਾਸ਼ਕ : ਗੁਰੂ ਤੇਗ ਬਹਾਦਰ ਮੈਮੋਰੀਅਲ ਸੋਸਾਇਟੀ ਫ਼ਰੀਦਕੋਟ ( 995)**

**ਮੁੱਲ : ਅੰਕਿਤ ਨਹੀਂ ; ਪੰਨੇ 212.+20**

**ਰੀਵਿਊਕਾਰ : ਪ੍ਰੋ: ਨਵ ਸੰਗੀਤ ਸਿਘ**

ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਏ ਦੇ ਵਧਦੇ ਪ੍ਰਭਾਵ ਨਾਲ ਯੁਵਾ-ਪੀੜ੍ਹੀ ਆਪਣੇ ਵਿਰਸੇ ਤੋਂ ਹੌਲੀ ਹੌਲੀ ਬੇਮੁਖ ਹੁੰਦੀ ਜਾ ਰਹੀ ਹੈ। ਉਪਰੋਕਤ ਸੋਸਾਇਟੀ ਅਤੇ ਸੰਪਾਦਕ ਸ੍ਰੀ ਐਮ. ਜੀ. ਗੁਪਤਾ ਦੇ ਭਰਪੂਰ ਯੋਗਦਾਨ ਨਾਲ ਕੌਮੀ ਏਕਤਾ ਅਤੇ ਆਪਸੀ ਭਾਈਚਾਰੇ ਦਾ ਮਾਹੌਲ ਬਣਾਈ ਰੱਖਣ ਲਈ ਸਾਰਥਿਕ ਉਪਰਾਲ ਕੀਤੇ ਜਾ ਰਹੇ ਹਨ। ਇਸੇ ਸੋਸਾਇਟੀ ਨੇ ਪਿਛਲੇ ਵਰ੍ਹੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ, ਸਿਖਿਆਵਾਂ ਅਤੇ ਸ਼ਹਾਦਤ ਬਾਰੇ ਇਕ ਵਿਲੱਖਣ ਪੁਸਤਕ ਗੁਰਮਤਿ ਪ੍ਰਚਾਰ ਹਿਤ ਮੁਫ਼ਤ ਵੰਡੀ ਸੀ ਤੇ ਕਰੀਬ ਇਕ ਵਰੇ ਦੇ ਵਕਫ਼ੇ ਪਿਛੋਂ ਹੀ ਇਹ ਦੂਜੀ ਪੁਸਤਕ ਪਾਠਕਾਂ ਸਨਮੁੱਖ ਹੈ।

ਵਿਚਾਰ ਅਧੀਨ ਪੁਸਤਕ ਵਿਚ ਸਿੱਖ ਧਰਮ ਦੇ ਸ਼ਰੋਮਣੀ ਸ਼ਹੀਦਾਂ ਦੀ ਗੌਰਵਮਈ ਗਾਥਾ ਅੰਕਿਤ ਹੈ, ਜਿਸ ਨੂੰ ਪੜ੍ਹ ਕੇ ਪਾਠਕ ਦੇ ਮਨ-ਮਸਤਕ ਵਿਚ ਕਿਸ ਉਚੇਰੇ ਕਾਰਜ ਲਈ 'ਜੂਝ ਮਰਨ' ਦਾ ਬਿੰਬ ਸਥਾਪਤ ਹੁੰਦਾ ਹੈ। ਗੁਰੂ ਅਰਜਨ, ਗੁਰੂ ਤੇਗ ਬਹਾਦਰ, ਗੁਰੂ ਗੋਬਿੰਦ ਸਿੰਘ, ਸਾਹਿਬਜ਼ਾਦਿਆਂ, ਬੰਦਾ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਮਨੀ ਸਿੰਘ, ਚਾਲੀ ਮੁਕਤਿਆਂ, ਭਾਈ ਮਹਾਂ ਸਿੰਘ ਵਰਗੇ ਸਿਰਮੌਰ ਸ਼ਹੀਦਾਂ ਸ਼ਹੀਦਾਂ ਤੋਂ ਇਲਾਵਾ ਸ਼ਹੀਦੀ ਪਰੰਪਰਾ ਤੇ ਸਿੱਖ ਧਰਮ, ਖ ਲਸੇ ਦੀ ਸਿਰਜਣਾ, ਸਾਕਾ ਸਰਹੰਦ, ਸਾਕਾ ਨਨਕਾਣਾ ਸਾਹਿਬ ਆਦਿ ਬਾਰੇ ਕੁਲ 29 ਲੇਖ ਇਸ ਪੁਸਤਕ ਦਾ ਸ਼ਿੰਗਾਰ ਬਣੇ ਹਨ। ਵਿਦਵਾਨ ਲੇਖਕਾਂ ਵਿਚ ਡਾ. ਜਸਬੀਰ ਸਿੰਘ, ਡਾ. ਐਮ. ਐਸ. ਅੰਮ੍ਰਿਤ, ਪ੍ਰਿੰ. ਸਤਿਬੀਰ ਸਿੰਘ, ਡਾ. ਹਰਿਭਜਨ ਸਿੰਘ, ਡਾ. ਬਲਕਾਰ ਸਿੰਘ, ਪਾਂਧੀ ਨਨਕਾਣਵੀ, ਸ. ਕੁਲਦੀਪ ਸਿੰਘ ਹਉਰਾ, ਪ੍ਰੋ. ਪਿਆਰਾ ਸਿੰਘ ਪਦਮ, ਪ੍ਰੋ. ਜੋਗਿੰਦਰ ਸਿੰਘ, ਜਸਟਿਸ ਪ੍ਰੀਤਮ ਸਿੰਘ ਸਫ਼ੀਰ, ਸ੍ਰੀ ਹੰਸ ਰਾਜ ਰਹਿਬਰ, ਗਿਆਨੀ ਗੁਰਬਚਨ ਸਿੰਘ ਮੁਕਤਸਰੀ, ਡਾ. ਹਰੀ ਸਿਘ ਭਾਰਤੀ, ਡਾ. ਸ਼ਮੀਰ ਸਿੰਘ ਤੇ ਪ੍ਰੋ. ਨਵ ਸੰਗੀਤ ਸਿੰਘ ਆਦਿ ਪ੍ਰਮੁਖ ਹਨ।

ਪੁਸਤਕ ਦੀ ਭੂਮਿਕਾ ਵਿਚ ਡਾ. ਗੁਰਨਾਮ ਕੌਰ (ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਦਾ ਇਹ ਵਿਚਾਰ ਉਲੇਖਯੋਗ ਹੈ ਕਿ

"ਸਿੱਖ ਦਾਰਸ਼ਨਿਕ ਪ੍ਰਸੰਗ ਵਿਚ ਸੰਕਲਪ ਅਤੇ ਪਰੰਪਰਾ ਨੂੰ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ।—ਦਾਰਸ਼ਨਿਕ ਦ੍ਰਿਸ਼ਟੀ ਤੋਂ ਸ਼ਹੀਦੀ ਨਾਲ ਜੁੜੀਆਂ ਹੋਈਆਂ ਘਟਨਾਵਾਂ ਇਹ ਸਾਬਤ ਕਰ ਦਿੰਦੀਆਂ ਹਨ ਕਿ ਸ਼ਹੀਦੀ ਸੱਚੀਂ ਮੁੱਚੀ ਹੀ ਗਵਾਹੀ ਦੇਣ ਵਰਗੀ ਹਾਜ਼ਰ-ਨਾਜ਼ਰ ਹੋਣ ਦੀ ਸਥਿਤੀ ਹੈ।"

ਇਹ ਸਾਰੇ ਲੇਖ ਸਿੱਖ ਧਰਮ, ਦਰਸ਼ਨ ਅਤੇ ਸ਼ਹਾਦਤ ਦੇ ਜਾਣਕਾਰ ਵਿਦਵਾਨ ਲੇਖਕਾਂ ਦੁਆਰਾ ਲਿਖੇ ਗਏ ਹਨ। "ਸ਼ਹੀਦ ਸਦਾ ਸੱਚ ਵਾਸਤੇ ਸ਼ਹਾਦਤ ਦਿੰਦਾ ਹੈ ਅਤੇ ਸੱਚ ਲਈ ਮਰ ਮਿਟਦਾ ਹੈ। ਸਿੱਖ ਧਰਮ ਸ਼ਹੀਦਾਂ ਦਾ ਧਰਮ ਹੈ। ਸਿੱਖਾਂ ਦਾ ਇਤਿਹਾਸ ਸ਼ਹੀਦਾਂ ਦੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।" (ਪੰਨਾ 27)। ਬੰਦਾ ਬਹਾਦਰ ਦੇ ਇਹ ਬੋਲ ਅੱਜ ਵੀ ਸਾਡੇ ਮਨਾਂ ਅੰਦਰ ਸੱਚਾਈ ਤੇ ਬੀਰਤਾ ਨਾਲ ਜੂਝ ਮਰਨ ਦਾ ਸੰਕਲਪ ਦ੍ਰਿਸ਼ਟੀਗੋਚਰ ਕਰਦੇ ਹਨ ਜਿਨ੍ਹਾਂ ਨੂੰ 'ਪੰਥ ਪ੍ਰਕਾਸ਼' ਦੇ ਕਰਤਾ ਨੇ ਇਸ ਤਰ੍ਹਾਂ ਅੰਕਿਤ ਕੀਤਾ ਹੈ :

ਲੇਵਨ ਕੋ ਬਦਲਾ ਤੁਰਕਾਨ ਤੇ, ਮੋਹਿ ਪਠਿਓ ਗੁਰੂ ਸੈ ਕਰਿ ਬੰਦਾ।
ਮਾਰਿ ਤੁਰੈਂ ਕਰਿ ਖਵਾਰ ਬਜੀਦਹਿ, ਦੇਹੁੰ ਉਜਾਰ ਲੁਟੇਂਹ ਸਰੰਦਾ।
ਲੇ ਕਰਿ ਬੈਰ ਗੁਰੈਂ ਪੁਤਰੈਂ, ਫਿਰ ਮਾਰ ਗਿਰੀਸੈਂ ਕਰੋ ਪਰਗੰਦਾ।
ਏਤਿਕ ਕਾਜ ਕਰੌਂ ਜਬ ਮੈਂ, ਤੁਮ ਜਾਨਿਓਂ ਮੁਝੈ ਤਬਿ ਹੀ ਗੁਰਬੰਦਾ।

ਕਿਸੇ ਇਕ ਸਾਕੇ ਜਾਂ ਸ਼ਹੀਦ ਬਾਰੇ ਇਕ ਤੋਂ ਵਧੇਰੇ ਲੇਖ ਵੀ ਵੱਖ-ਵੱਖ ਪਹਿਲੂਆਂ ਤੋਂ ਲਿਖੇ ਗਏ ਪ੍ਰਾਪਤ ਹੁੰਦੇ ਹਨ। ਜਿਵੇਂ ਕਿ ਸਿੱਖ ਧਰਮ ਤੇ ਸ਼ਹੀਦੀ ਪਰੰਪਰਾ ਅਤੇ ਸਾਹਿਬਜ਼ਾਦਿਆਂ ਬਾਰੇ ਚਾਰ-ਚਾਰ; ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਬਾਰੇ ਤਿੰਨ-ਤਿੰਨ; ਬਾਰੇ ਤਿੰਨ-ਤਿੰਨ; ਬਾਬਾ ਬੰਦਾ ਬਹਾਦਰ ਬਾਰੇ ਦੋ ਲੇਖ ਸ਼ਾਮਲ ਹਨ। ਪਰ ਇਸ ਪੁਸਤਕ ਵਿਚ ਕੁਝ ਸਿਰਲੱਥ ਸ਼ਹੀਦਾਂ ਬਾਰੇ ਵੱਖਰੇ ਲੇਖ ਵਜੋਂ ਜ਼ਿਕਰ ਹੋਣੋਂ ਰਹਿ ਗਿਆ ਹੈ, ਜਿਵੇਂ ਬਾਬਾ ਦੀਪ ਸਿੰਘ, ਭਾਈ ਦਿਆਲਾ ਅਤੇ ਵੀਰ ਹਕੀਕਤ ਰਾਏ। ਇਨ੍ਹਾਂ ਬਾਰੇ ਲੇਖਾਂ ਦੀ ਘਾਟ ਰੜਕਦੀ ਹੈ। ਪੁਸਤਕ ਦੇ ਸਰਵਰਕ, ਅੰਦਰਵਾਰ ਅਤੇ ਪਿਛਲੇ ਪੰਨੇ ਤੇ ਕ੍ਰਮਵਾਰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਭਾਈ ਮਨੀ ਸਿੰਘ ਦੀ ਸ਼ਹੀਦੀ, ਗੁਰੂ ਗੋਬਿੰਦ ਸਿੰਘ ਦੁਆਰਾ ਬੇਦਾਵਾ ਪਾੜਨਾ ਅਤੇ ਬੰਦਾ ਬਹਾਦਰ ਦੀਆਂ ਚਾਰ ਰੰਗਦਾਰ ਤਸਵੀਰਾਂ ਨੇ ਪੁਸਤਕ ਦੀ ਦਿੱਖ ਨੂੰ ਹੋਰ ਵੀ ਖਿੱਚ ਭਰਪੂਰ ਬਣਾ ਦਿੱਤਾ ਹੈ। ਅਜਿਹੀ ਵਿਦਵਤਾ ਪੂਰਨ ਸਾਮੱਗਰੀ ਅਤੇ ਖ਼ੂਬਸੂਰਤ ਛਪਾਈ ਵਾਲੀ ਪੁਸਤਕ ਪ੍ਰਦਾਨ ਕਰਨ ਲਈ ਐਮ. ਜੀ. ਗੁਪਤਾ ਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਉੱਦਮ ਵਾਕਈ ਸਲਾਘਾਯੋਗ ਹੈ।

# Ragi Jatha Of Bhai Sumund Singh Ji

— Dr. Jagir Slngh

Bhai Samund Singh served the Gurmat music for more than 40 Years. It is said that he had the capacity to sing in all the rages present in the holy Granth Sahib. His melodious voice, accompished singing and heart rendering Bandishs would hold the audience spell bound.

Bhai Sahib was born on March 3, 1900 at village Mulan Hamsha Distt. Montgomary. His father was also a good singer. He had learnt music from Mahant Sham Singh, Bhai Gurdit Singh the paternal uncle of Bhai Sahib used to play Tabla.

Bhai Sahib got interested in music at a very young age & performed kirtan from this age till his death. He performed kirtan at Gurdwara Nankana Sahib for about 28 year Bhai Hira Singh taught him the art of kirtan. He was highly impressed by the singing styles of Bhai Sher Singh of Gujranwala and Bhai Piara Singh Rababi. His style resembled the style of Bade Gulam Ali khan.

Apart from singing in the most difficult Bandisns and the prevelant Tals, he could easily sing in compartively less popular Tals used to be based on a large number Matras. The 'Murki' from his throat was very melodious. Tan was very clear and understandable. Quickest of his Tans would also not become dull Bol, Bant Bole, Tan Tihal, Daubling etc- were the specialities of his style. He specialised himself in singing a few selected rages like sortha, Bihag, Pahari, Multani kafi, sindhi Bhairvi, and Assa Rages. 'prabh ji Khasma-Na Kar piara ' in Rag Soratth, 'Kat Tran Guru Nanak Aya in Rag Bahar Bharose Piare Men Lad Ladaya' in Rag Pahari sung by him have the capacity to hold the audience spell bound even today. While singing, his face structure did not get distorted nor did he move hands like most other singers.

His style of singing was so impressive that when he broadcastedhis first programe from radio Lahore Bade Gulam Ali Sahib was greatly moved. Impressed by his style of singing thd Maharaja of Patiala offered him Lacs of rupees to make his court singer but unmoved by the huge amount Bhai Samund Singh turned down this offer.

Bhai sahib was class 'A' radio artist. All the officers and other employees of the radio station respected him Radio Jalandhar used to receive a number of letters from Pakistan. enquiry about the time of Bhai Samond Singh 's Kirtan programme

Bhai Samund Singh always received one position or the other, whenever he partcipated in a sikh educational conferrence. He won first prize in 1934 by singing Rag kedara In 1941 conferrence he bagged the first position, again in 1945 he received the same award. To keep the tradition of Punjab style of singing alive, the Punjab Government had instituted Bhai Mardana Award was originally started to honour Bhai Samund Singh for his services to the fieled of music.

Bhai Sahib was firm opinion that a permanent means of lively good must be provided to the Ragi Singh 's in case we want to see the Punjab Style of singing flourish. He did not introdace his children to this art because he felt that it is not an easy means of lively hood.

He died in 1972, Sri Dalip Chander, the famous muscician while offering his respect to the departed soul, said, "Bhai Samund Singh was the king of music and we can name him the ocean of Music"